# ਅੰਮ੍ਰਿਤ ਕੀਰਤਨ

ਅਪ੍ਰੈਲ 2011



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਅਵਲ ਅਲਹ ਨੂਰ ਉਪਾਇਆ

ਦਸੋ ਹਿੰਦੂਓ, ਮੋਮਨੋ, ਸਿੱਖ ਵੀਰੋ,
ਚੌਥੇ ਪੁੱਛਦਾ ਮੈਂ ਇਸਾਈਆਂ ਨੂੰ।

ਕਾਹਨੂੰ ਵਾਦ-ਵਿਵਾਦ ਪਏ ਰਚਦੇ ਓ,
ਕਾਹਨੂੰ ਝੱਲਦੇ ਓ ਚੋਟਾਂ ਲਾਈਆਂ ਨੂੰ।

ਰਾਹ ਇਕੋ ਹੈ ਸਭ ਦੇ ਜਾਣ ਵਾਲਾ,
ਕਿਉਂ ਖਿੱਝਦੇ ਦੇਖਕੇ ਭਾਈਆਂ ਨੂੰ।

ਇਹ ਕੋਈ ਯੋਗ ਨਾ ਕੰਮ ਮੁਸਾਫ਼ਰਾਂ ਦਾ,
ਰਾਹ ਪ੍ਰਦੇਸ ਅੰਦਰ ਲੰਘਣਾ ਰਾਹੀਆਂ ਨੂੰ।

ਇੱਕੋ ਦੇਸ ਜਾਣਾ, ਇੱਕੋ ਸ਼ਹਿਰ ਜਾਣਾ,
ਇਕੋ ਸ਼ਾਹ ਸੁਲਤਾਨ ਬਲਬੀਰ ਸਾਡਾ।

ਚਾਰੇ ਪੁਜਣਗੇ ਰਾਹੀਂ ਨਿਸ਼ਾਨ ਇੱਕੋ,
ਰੂਪਾਂ ਚੌਹਾਂ ਵਿਚ ਦਿਸਦਾ ਪੀਰ ਸਾਡਾ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ
ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**
ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ - ਸ਼ੁਕਰਾਨਾ ਤੇ ਵਧਾਈਆਂ 5

ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ : ਤੀਸਰਾ ਆਯੋਜਨ
ਡਾ. ਗੁਰਨਾਮ ਸਿੰਘ 6

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੀ ਭਾਵ ਜੁਗਤ
ਸੁਨੀਤਾ ਰਾਣੀ 9

Music: An Intrinsic Talent
Narendra Kaur 15

Folk Singing Style of Gurmat Sangeet Tradition
An Analytical Study
Miss Swarleen (Kaur) 18

ਸੁਰ ਲਿਪੀ - ਰਾਗ ਸਾਰੰਗ
ਜਬਰਜੰਗ ਸਿੰਘ 25

ਸੁਰ ਲਿਪੀ ਦੇ ਅਰਥ 26

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਪਿਛਲੇ ਅੰਕ ਵਿਚ **ਸਫਲ ਤਿਨਾ ਕੇ ਕਾਮਾ** ਪੜ੍ਹਕੇ  ਬੀਬੀ ਜਸਬੀਰ ਕੌਰ ਖਾਲਸਾ ਦੀ ਗੁਰਮਤਿ ਸੰਗੀਤ ਦੀ ਦੇਣ ਬਾਰੇ ਪਤਾ ਲੱਗਾ। (ਸੁਰਗਵਾਸੀ ਬੀਬੀ ਜਸਬੀਰ ਕੌਰਜ ਜੀ ਦੀ ਸੰਗਤ ਨੂੰ ਮਹਾਨ ਦੇਣ ਅਤੇ ਉਹਨਾਂ ਦੇ ਅਕਾਲ ਚਲਾਣੇ ਦਾ ਪੜ੍ਹਿਆ ਸਾਨੂੰ ਵੀ ਬਹੁਤ ਦੁੱਖ ਹੋਇਆ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਬੀਬੀ ਜੀ ਦੇ ਜਾਣ ਨਾਲ) ਭਾਈ ਘਨੱਈਆ ਚਿਤਰਕਾਲ ਸੋਭਾ ਸਿੰਘ ਤੇ ਕਿਰਪਾਲ ਸਿੰਘ ਦੀ ਨਜ਼ਰ ਵਿਚ ਲੇਖ ਵੱਲੋਂ ਜਗਤਾਰਜੀਤ, ਭਾਈ ਕਰਮ ਸਿੰਘ ਰਤਨ ਦਾ ਰਾਤ ਰੁੱਤ ਲੇਖ ਬਸੰਤ ਪੰਚਮੀ ਦੇ ਸ਼ੁਭ ਅਵਸਰ ਤੇ 'ਗੁਰਮਤਿ ਸੰਗੀਤ ਵਿਚ ਬਸੰਤ ਦੀ ਕੀਰਤਨ ਮਰਿਆਦਾ ਦਾ ਲੇਖ ਵਧੀਆ ਸਨ। ਡਾ. ਗੁਰਨਾਮ ਸਿੰਘ ਜੀ ਦੀ ਲੇਖਣੀ ਬੜੀ ਕਮਾਲ ਦੀ ਹੈ ਮੇਰੇ ਪਾਸ ਉਹ ਲਫਜ਼ ਨਹੀਂ ਜਿਹਨਾਂ ਨਾਲ ਉਹਨਾਂ ਦੀ ਤਾਰੀਫ ਕਰ ਸਕਾਂ।

ਪ੍ਰੋ: ਐੱਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ਿਕ ਅਕੈਡਮੀ, ਨੇੜੇ ਬਸ ਸਟੈਂਡ, ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ

ਆਪ ਜੀ ਵੱਲੋਂ ਫਰਵਰੀ ਮਹੀਨੇ ਦਾ ਅੰਮ੍ਰਿਤ ਕੀਰਤਨ ਮਸਤਾਨਾ ਜੀ ਪਾਸੋਂ ਕੁੱਲ ਮਿਲਿਆ ਪੜ੍ਹ ਕੇ ਬੜੀ ਖੁਸ਼ੀ ਹੋਈ ਪਾਠਕਾਂ ਦੇ ਪੱਤਰ, ਕਰੋ ਬੇਨੰਤੀਆ ਡਾ. ਜਾਗੀਰ ਸਿੰਘ ਜੀ ਦੇ ਅਨਮੋਲ ਵਿਚਾਰ ਬੇਹੱਦ ਪਸੰਦ ਆਏ। ਰਾਗ ਰੁੱਤ ਕਵਿਤਾ ਅਤੇ ਰਾਗ ਦੀਪਕ ਬਾਰੇ ਜਾਣਕਾਰੀ ਵੱਲੋਂ ਸ. ਕਰਮ ਸਿੰਘ ਰਤਨ ਪੰਜਾਬੀ ਲੋਕ ਸੰਗੀਤ ਵਿਰਾਸਤ ਲੇਖ ਵੱਲੋਂ ਡਾ. ਗੁਰਨਾਮ ਸਿੰਘ ਸ਼ਲਾਘਾਯੋਗ ਸਨ। ਭਾਈ ਮਰਦਾਨਾ ਜੀ ਰਬਾਬੀ ਦੀ ਗੁਰਮਤਿ ਸੰਗੀਤ ਨੂੰ ਦੇਣ ਵੱਲੋਂ ਲੇਖ ਡਾ. ਜਸਵੀਰ ਕੌਰ, ਗੁਰਮਤਿ ਸੰਗੀਤ ਲਾਇਬਰੇਰੀ ਭਾਈ ਰਣਧੀਰ ਸਿੰਘ ਆਨਲਾਈਨ ਸਕੋਪ ਆਫ ਮਿਊਜ਼ਿਕ ਲੇਖ ਵੱਲੋਂ ਨਰਿੰਦਰ ਕੌਰ ਲੈਕਚਰਾਰ ਇਨ ਮਿਊਜ਼ਿਕ (ਵੀ) ਆਰੀਆ ਕਾਲਜ ਕਾਲਿਜ ਪਠਾਨਕੋਟ ਗੁਰਮਤਿ ਸੰਗੀਤ ਡਿਪਾਰਟਮੈਂਟ ਪੰਜਾਬੀ ਯੂਨੀਵਰਸਿਟੀ ਪਟਿਆਲਾ ਬਾਰੇ ਰਿਪੋਰਟ ਵੱਲੋਂ ਡਾ. ਕਮਲਜੀਤ ਸਿੰਘ ਰਾਗ ਬਸੰਤ ਦੀ ਬੰਧਸ਼ ਵੱਲੋਂ ਨਰਿੰਕਰ ਕੌਰ ਅਤੇ ਬੰਧਸ਼ ਵਾਲੇ ਸ਼ਬਦ ਦੇ ਅਰਥ ਅਤੇ ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਬਾਰੇ ਜਾਣਕਾਰੀ ਆਦਿਕ ਬੇਹੱਦ ਪਸੰਦ ਆਈ।

ਸੰਤ ਮੁਕੰਦ ਸਿੰਘ ਮਿਊਜ਼ਿਕ ਮਾਸਟਰ ਅਤੇ ਰਾਗੀ ਮਾਰਫਤ ਦਲਜੀਤ ਸਿੰਘ, ਰਣਜੀਤ ਮੋਟਰ ਸਟੋਰ, ਸਾਹਮਣੇ ਜਸਵੰਤ ਸਿਨੇਮਾ ਜੀ. ਟੀ. ਰੋਡ,
ਮਲੋਟ, ਜ਼ਿਲ੍ਹਾ ਮੁਕਤਸਰ

ਮਾਰਚ ਦਾ ਅੰਮ੍ਰਿਤ ਕੀਰਤਨ ਮਿਲਿਆ। ਇਸ ਵਿਚ ਬੀਬੀ ਜਸਬੀਰ ਕੌਰ  ਖਾਲਸਾ ਜੀ ਦੇ ਅਕਾਲ ਚਲਾਣੇ ਬਾਰੇ ਪੜ੍ਹ ਕੇ ਬਹੁਤ ਦੁੱਖ ਹੋਇਆ। ਬੀਬੀ ਜੀ ਨੇ ਗੁਰਮਤਿ ਸੰਗੀਤ ਦੀ ਸੰਭਾਲ ਅਤੇ ਪ੍ਰਚਾਰ ਪ੍ਰਸਾਰ ਬਾਰੇ ਬਹੁਤ ਯਤਨ ਕੀਤੇ। ਕੀਰਤਨ ਕਰਨ ਵਾਲਿਆਂ ਦਾ ਮਾਰਗ ਦਰਸ਼ਨ ਕਰਦੇ ਸੀ।ਪਰਮਾਤਮਾ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜਗਤਾਰਜੀਤ ਸਿੰਘ ਦਾ ਲੇਖ ਭਾਈ ਘਨਈਆ ਚਿਤਰਕਾਰ ਸੋਭਾ ਸਿੰਘ ਅਤੇ ਕਿਰਪਾਲ ਸਿੰਘ ਦੀ ਨਜ਼ਰ ਵਿਚ ਇਕ ਵਿਲੱਖਣ ਲੇਖ ਸੀ। ਇਸ ਲੇਖ ਵਿਚ ਉਹਨਾਂ ਨੇ ਭਾਈ ਘਨੁਈਆ ਦਾ ਚਿਤਰ ਬਣਾਉਣ ਸੰਬੰਧੀ ਸੇਵਾਪੰਥੀ ਸੰਸਥਾ ਦਾ ਜ਼ਿਕਰ ਕੀਤਾ ਹੈ। ਗੁਣਿਆਣਾ ਮੰਡੀ ਵਿਖੇ ਸਥਾਪਿਤ ਸੇਵਾਪੰਥੀ ਸੰਸਥਾ ਦੀ ਮਨੁੱਖਤਾ ਨੂੰ ਬਹੁਤ ਵੱਡੀ ਦੇਣਾ ਹੈ।

ਪ੍ਰੋ: ਮੰਗਤ ਸਿੰਘ ਮਸਤਾਨਾ, ਅਰਾਧਨਾ ਮਿਊਜ਼ਿਕ ਅਕੈਡਮੀ ਕੇਅਰ ਆਫ ਸੰਗਮ ਰੇਡੀਓ ਅਤੇ ਟੀ. ਵੀ. ਕਾਲਿਜ
ਜੀ. ਟੀ. ਰੋਡ, ਮਲੋਟ, ਫੋਨ : 9463782514

# ਕਰਉ ਬੇਨੰਤੀਆ

## ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ
## ਸ਼ੁਕਰਾਨਾ ਤੇ ਵਧਾਈਆਂ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦੇ ਸੰਜੋਗ ਨਾਲ ਪੰਜਾਬ ਵਿੱਚ ਇੱਕ ਵਿਲੱਖਣ ਸੰਗੀਤਧਾਰਾ ਦਾ ਆਰੰਭ ਹੋਇਆ ਸੀ। ਜਨਮ ਸਾਖੀ ਵਿੱਚ ਲਿਖਿਆ ਹੈ- **ਅਰ ਇੱਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂੰ ਚਲੇਂ ਅਸੀਂ ਵੀ ਜਾਤ੍ਰਾ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸ਼ਬਦ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ। ਤੇ ਇਹੋ ਸ਼ਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ।** (ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਪੰਨਾ 332-333)

ਇਸ ਘਟਨਾ ਨਾਲ ਜਿੱਥੇ ਗੁਰਮਤਿ ਸੰਗੀਤ ਦਾ ਆਰੰਭ ਹੋਇਆ ਉਥੇ ਸਿੱਖ ਧਰਮ ਵਿਚ ਸੰਗੀਤਕ ਪ੍ਰਤਿਭਾਵਾਂ ਨੂੰ ਮਾਣ-ਸਨਮਾਣ ਦੇਣ ਦੀ ਪਿਰਤ ਵੀ ਪ੍ਰਚਲਿਤ ਹੋਈ। ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਵੱਲੋਂ ਕੁਝ ਇਸੇ ਭਾਵਨਾ ਨਾਲ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਕਰਵਾਉਂਦਿਆਂ ਪੰਜਾਬ ਨਾਲ ਸੰਬੰਧਤ ਸੰਗੀਤਕਾਰਾਂ ਨੂੰ ਸਨਮਾਨ ਦੇਣ ਦਾ ਉਪਰਾਲਾ ਕੀਤਾ ਹੈ। ਇਹਨਾਂ ਸੰਮੇਲਨਾਂ ਵਿਚ ਪੰਜਾਬ ਸੰਗੀਤ ਰਤਨ ਅਵਾਰਡ ਪੇਸ਼ ਕੀਤੇ ਜਾਂਦੇ ਹਨ। ਇਸ ਸਾਲ ਇਹ ਐਵਾਰਡ ਸਿੰਘ ਬੰਧੂ ਸ: ਤੇਜਪਾਲ ਸਿੰਘ ਜੀ ਨੂੰ ਪ੍ਰਦਾਨ ਕੀਤਾ ਗਿਆ। ਇਸ ਤੋਂ ਪਹਿਲਾਂ ਇਹ ਐਵਾਰਡ ਸਿੰਘ ਬੰਧੂ ਸ: ਸੁਰਿੰਦਰ ਸਿੰਘ ਅਤੇ ਪੰਡਿਤ ਯਸ਼ਪਾਲ ਜੀ ਨੂੰ ਦਿੱਤਾ ਜਾ ਚੁੱਕਾ ਹੈ। ਇਸ ਦੇ ਨਾਲ ਨਾਲ ਪ੍ਰੋਫੈਸਰ ਕਰਤਾਰ ਸਿੰਘ ਜੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਆਨੰਦਪੁਰ ਸਾਹਿਬ ਨੂੰ, ਬੀਬੀ ਜਸਬੀਰ ਕੌਰ ਖਾਲਸਾ, ਗੁਰਮਤਿ ਸੰਗੀਤ ਫੈਲੋਸ਼ਿਪ ਭੇਟ ਕੀਤੀ ਗਈ। ਇਹਨਾਂ ਤੋਂ ਪਹਿਲਾਂ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਅਤੇ ਸਿੰਘ ਬੰਧੂ ਸ: ਸੁਰਿੰਦਰ ਸਿੰਘ ਜੀ ਨੂੰ ਇਹ ਫੈਲੋਸ਼ਿਪ ਪ੍ਰਦਾਨ ਕੀਤੀ ਜਾ ਚੁੱਕੀ ਹੈ। ਅਸੀਂ ਅੰਮ੍ਰਿਤ ਕੀਰਤਨ ਟਰਸਟ ਵੱਲੋਂ ਸਨਮਾਨਤ ਸ਼ਖਸੀਅਤਾਂ ਨੂੰ ਵਧਾਈ ਦਿੰਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਅਤੇ ਡਾ. ਗੁਰਨਾਮ ਸਿੰਘ ਪ੍ਰੋਫੈਸਰ ਅਤੇ ਮੁਖੀ ਗੁਰਮਤਿ ਸੰਗੀਤ ਵਿਭਾਗ ਦੇ ਧੰਨਵਾਦੀ ਹਾਂ ਜੋ ਉਹਨਾਂ ਨੇ ਇਹ ਮਹਾਨ ਸਮਾਗਮ ਰਚਦਿਆਂ ਪੰਜਾਬ ਦੇ ਸੰਗੀਤਕਾਰਾਂ ਨੂੰ ਸਨਮਾਨਤ ਕਰਨ ਦਾ ਉਪਰਾਲਾ ਕੀਤਾ ਹੈ।

ਇਕ ਅਖਬਾਰੀ ਖਬਰ ਅਨੁਸਾਰ ਪੰਜਾਬ ਸਰਕਾਰ ਨੇ ਦਿੱਲੀ ਦੀ ਆਨੰਦ ਨਾਮਕ ਇਕ ਸੰਸਥਾ ਨੂੰ ਦੋ ਕਰੋੜ ਰੁਪਏ ਗੁਰਮਤਿ ਸੰਗੀਤ ਨੂੰ ਪ੍ਰਫੁਲੱਤ ਕਰਨ ਲਈ ਪ੍ਰਦਾਨ ਕੀਤੇ ਹਨ। ਆਸ ਹੈ ਇਹ ਸੰਸਥਾ ਵੀ ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰਨ ਲਈ ਯਤਨ ਕਰੇਗੀ। ਸ਼ਾਇਦ ਕਦੇ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਚ ਗੁਰਮਤਿ ਸੰਗੀਤ ਦੀ ਸੇਵਾ ਲਈ ਸਰਗਰਮ ਸੰਸਥਾਵਾਂ ਤੇ ਅਜਿਹੀ ਰਹਿਮਤ ਦੀ ਵਰਖਾ ਹੋਵੇਗੀ।

ਅਸੀਂ ਅਕਾਲ ਪੁਰਖ ਦੇ ਧੰਨਵਾਦੀ ਹਾਂ ਜਿਹਨਾਂ ਦੀ ਕਿਰਪਾ ਸਦਕਾ 1989 ਵਿਚ **ਅੰਮ੍ਰਿਤ ਕੀਰਤਨ ਟਰਸਟ** ਦੀ ਸਥਾਪਨਾ ਦੇ ਨਾਲ **ਅੰਮ੍ਰਿਤ ਕੀਰਤਨ** ਦੀ ਪ੍ਰਕਾਸ਼ਨਾ ਆਰੰਭ ਹੋਈ। ਸਕੂਲ ਪੱਧਰ ਤੇ ਗੁਰਮਤਿ ਸੰਗੀਤ ਦਾ ਵਿਸ਼ਾ ਲਾਗੂ ਹੋਇਆ। ਡਾ. ਗੁਰਨਾਮ ਸਿੰਘ ਦੇ ਅਣਥੱਕ ਯਤਨਾਂ ਸਦਕਾ ਇਹ ਵਿਸ਼ਾ ਯੂਨੀਵਰਸਿਟੀਆਂ ਵਿਚ ਸਥਾਪਤ ਹੋ ਕੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ 'ਤੇ ਆਪਣੀ ਵਿਲੱਖਣ ਪਹਿਚਾਣ ਬਣਾ ਰਿਹਾ ਹੈ।



# ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ : ਤੀਸਰਾ ਆਯੋਜਨ

ਡਾ. ਗੁਰਨਾਮ ਸਿੰਘ

ਹਿੰਦੂਆਂ ਦੇ 'ਗੁਰੂ' ਤੇ ਮੁਸਲਮਾਨਾਂ ਦੇ 'ਪੀਰ' ਬਾਬਾ ਨਾਨਕ ਦੇ ਸੰਗੀ ਰਬਾਬੀ ਭਾਈ ਮਰਦਾਨਾ ਪੰਜਾਬੀ ਸੰਗੀਤ ਪਰੰਪਰਾ ਦੇ ਅਦੁੱਤੀ ਨਾਇਕ ਹਨ। ਸਾਖੀਕਾਰਾਂ, ਇਤਿਹਾਸਕਾਰਾਂ, ਵਿਦਵਾਨਾਂ ਨੇ ਇਸ ਵਿਲੱਖਣ ਸ਼ਖ਼ਸੀਅਤ ਨੂੰ ਆਪੋ ਆਪਣੀ ਸ਼ਾਬਦਿਕ ਜੁਗਤ ਨਾਲ ਪਛਾਨਣ ਦੇ ਅਨੇਕ ਯਤਨ ਕੀਤੇ ਹਨ। ਪੰਜਾਬ ਦੀ ਸੰਗੀਤ ਪਰੰਪਰਾ ਦੀਆਂ ਸਮੂਹ ਧਾਰਾਵਾਂ ਦੀ ਇਹ ਸਰਬ ਸਾਂਝੀ ਜੋਤ ਭਾਈ ਮਰਦਾਨਾ ਦੇ ਰੂਪ ਵਿਚ ਪਰਿਜਵਲਿਤ ਹੋ ਰਹੀ ਹੈ। ਪੰਜਾਬ ਦੇ ਅਨੇਕ ਘਰਾਣੇ, ਸੰਗੀਤਕਾਰ ਪੰਜਾਬ ਦੇ ਗਾਇਨ ਤੇ ਵਾਦਨ ਦੇ ਖੇਤਰ ਵਿਚ ਪੰਜਾਬੀਆਂ ਦੇ ਵਿਸ਼ੇਸ਼ ਸੰਗੀਤਕ ਰੰਗ 'ਪੰਜਾਬ ਅੰਗ' ਤੇ 'ਪੰਜਾਬ ਬਾਜ' ਦੀ ਪਛਾਣ ਨੂੰ ਸੰਗੀਤ ਦੇ ਹਰ ਖੇਤਰ ਵਿਚ ਬਰਕਰਾਰ ਰੱਖ ਰਹੇ ਹਨ। ਪੂਰਬੀ ਪੰਜਾਬ, ਪੱਛਮੀ ਪੰਜਾਬ ਤੇ ਦੇਸ ਵਿਦੇਸ਼, ਪੰਜਾਬੀਆਂ ਦਾ ਇਹ ਸੰਵੇਦਨਸ਼ੀਲ ਰੂਹਾਨੀ ਸੰਗੀਤ ਹਰ ਰੂਹ ਨੂੰ ਸਰਸ਼ਾਰ ਕਰ ਰਿਹਾ ਹੈ।

ਸਮਕਾਲੀ ਪਰਿਪੇਖ ਵਿਚ ਪੰਜਾਬੀ ਦੀ ਸੰਗੀਤ ਪਰੰਪਰਾ ਦੀ ਪੁਨਰ ਸੁਰਜੀਤੀ ਤੇ ਪੁਨਰ ਸਥਾਪਤੀ ਲਈ ਨਵੀਂ ਪੀੜ੍ਹੀ ਨੂੰ ਆਪਣੀ ਧਰਤ ਦੇ ਪੁਖ਼ਤਾ ਤੇ ਪ੍ਰਮਾਣਿਕ ਸੰਗੀਤ ਨਾਲ ਜੋੜਨਾ ਬੁਨਿਆਦੀ ਤੌਰ ਤੇ ਜ਼ਰੂਰੀ ਸੀ ਜਿਸ ਨਾਲ ਪੰਜਾਬ ਦੀਆਂ ਸੰਗੀਤ ਪਰੰਪਰਾਵਾਂ ਦੇ ਫਿਕੇ ਹੋ ਰਹੇ ਰੰਗਾਂ ਵਿਚ ਮੁੜ ਤਾਜ਼ਗੀ, ਰਵਾਨਗੀ ਤੇ ਚਿਰੰਜੀਵਤਾ ਭਰੀ ਜਾ ਸਕੇ। ਪੰਜਾਬੀ ਯੂਨੀਵਰਸਿਟੀ ਜੋ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਨੂੰ ਸਮਰਪਿਤ ਯੂਨੀਵਰਸਿਟੀ ਹੈ, ਨੇ ਇਸ ਉਦਮ ਲਈ ਇਕ ਵਿਸ਼ਾਲ ਫੈਕਲਟੀ ਆਫ ਆਰਟਸ ਐਂਡ ਕਲਚਰ ਸਥਾਪਤ ਕੀਤੀ ਹੈ ਜਿਸ ਵਿਚ ਥੀਏਟਰ, ਸੰਗੀਤ, ਨ੍ਰਿਤ, ਫਾਈਨ ਆਰਟਸ, ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਕਾਰਜਸ਼ੀਲ ਹਨ।

ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਨੇ ਇਕ **ਆਰਕਾਈਵਜ਼ ਆਫ ਮਿਊਜ਼ਿਕ** ਗੁਰਮਤਿ ਸੰਗੀਤ ਦੇ ਪ੍ਰਚਾਰਕ ਸੰਤ ਸੁੱਚਾ ਸਿੰਘ ਦੀ ਸਿਮ੍ਰਤੀ ਵਿਚ ਬਣਵਾਇਆ ਹੈ ਜਿਸ ਵਿਚ ਸ਼ਾਸਤਰੀ, ਲੋਕ, ਸੂਫ਼ੀ ਤੇ ਗੁਰਮਤਿ ਸੰਗੀਤ ਦੀ ਆਰਕਾਈਵਲ ਰਿਕਾਰਡਿੰਗ ਵੈਬਸਾਈਟ www.gurmatsangeetpup.com ਤੇ ਪਾਈ ਹੈ ਜਿਸਦਾ ਮੰਤਵ ਪੰਜਾਬ ਦੇ ਸੰਗੀਤ ਦਾ ਮੂਲ ਤੇ ਮੌਲਿਕਤਾ ਦੀ ਪਛਾਣ ਸਥਾਪਤ ਕਰਨੀ ਹੈ। ਇਸੇ ਦਿਸ਼ਾ ਵਿਚ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਸਿੰਘ ਬੰਧੂ ਸ. ਸੁਰਿੰਦਰ ਸਿੰਘ ਦੀ ਅਗਵਾਈ ਵਿਚ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਨੇ **ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ** ਆਰੰਭ ਕੀਤਾ ਜਿਸ ਵਿਚ ਪੰਜਾਬ ਦੇ ਸ਼ਾਸਤਰੀ ਗਾਇਕ ਤੇ ਵਾਦਕ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ।

ਪੰਜਾਬੀਆਂ ਲਈ ਸ਼ਾਸਤਰੀ ਸੰਗੀਤ ਦਾ ਇਹ ਪਹਿਲਾ ਵੱਡਾ ਮੰਚ ਹੈ ਜਿਥੇ ਉਹ ਆਪਣੀ ਸ਼ਾਸਤਰੀ ਕਲਾ ਦਾ ਪ੍ਰਦਰਸ਼ਨ ਕਰ ਸਕਦੇ ਹਨ। ਪਿਛਲੇ ਤਿੰਨ ਵਰ੍ਹਿਆਂ ਵਿਚ ਇਸ ਸੰਮੇਲਨ ਵਿਚ ਰਬਾਬ, ਸਰੋਦ, ਸਿਤਾਰ, ਸੰਤੂਰ, ਤਬਲਾ, ਪਖਾਵਜ ਦੇ ਉਸਤਾਦ ਪੰਜਾਬੀ ਕਲਾਕਾਰਾਂ ਤੋਂ ਇਲਾਵਾ ਸ਼ਾਸਤਰੀ ਗਾਇਨ ਦੀਆਂ ਅਨੇਕ ਪੇਸ਼ਕਾਰੀਆਂ ਹੋਈਆਂ ਜਿਸ ਵਿਚ ਸਿੰਘ ਬੰਧੂ ਸ. ਸੁਰਿੰਦਰ ਸਿੰਘ, ਪੰ. ਯਸ਼ਪਾਲ, ਸ੍ਰੀ ਬਲਦੇਵ ਨਾਰੰਗ, ਡਾ. ਨਿਵੇਦਿਤਾ ਸਿੰਘ, ਡਾ. ਅਰਵਿੰਦ ਸ਼ਰਮਾ, ਡਾ. ਸੋਮਦੱਤ ਬੱਟੂ ਆਦਿ ਨੇ ਭਾਗ ਲਿਆ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਸਰਪ੍ਰਸਤੀ ਵਿਚ ਕੀਤੇ ਇਸ ਉਦਮ ਨਾਲ ਪੰਜਾਬ ਦੇ ਸੰਗੀਤਕਾਰਾਂ ਦੀ ਸੰਗੀਤ ਉਮਰ 'ਚ ਜਿਥੇ ਵਾਧਾ ਹੋਇਆ ਉਥੇ ਪੰਜਾਬੀ ਸੰਗੀਤ ਸ਼ੈਲੀਆਂ, 'ਪੰਜਾਬ ਅੰਗ' ਤੇ 'ਪੰਜਾਬ ਬਾਜ' ਦੀ ਮੌਲਿਕਤਾ ਦਾ ਰੰਗ ਵੀ ਦੂਣ ਸਵਾਇਆ ਹੋ ਰਿਆ ਹੈ।

ਤੀਸਰਾ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਗੁਰਮਤਿ ਸੰਗੀਤ ਦੇ ਸਰਪ੍ਰਸਤ ਬੀਬੀ ਜਸਬੀਰ ਕੌਰ ਖਾਲਸਾ ਨੂੰ ਸਮਰਪਿਤ ਕੀਤਾ ਗਿਆ। ਸੰਮੇਲਨ ਦੇ ਪਹਿਲੇ ਦਿਨ ਤੀਸਰਾ '**ਪੰਜਾਬ ਸੰਗੀਤ ਰਤਨ ਐਵਾਰਡ**' ਸਿੰਘ ਬੰਧੂ ਸ. ਤੇਜਪਾਲ ਸਿੰਘ ਨੂੰ ਦਿਤਾ ਗਿਆ। ਇਸ ਤੋਂ ਪਹਿਲਾਂ ਇਹ ਐਵਾਰਡ ਸਿੰਘ ਬੰਧੂ ਸ. ਸੁਰਿੰਦਰ ਸਿੰਘ, ਪ੍ਰੋ. ਯਸ਼ਪਾਲ ਨੂੰ ਦਿਤਾ ਜਾ ਚੁੱਕਾ ਹੈ ਅਤੇ ਇਹ ਹਰ ਵਰ੍ਹੇ ਬਾਦਸਤੂਰ ਜਾਰੀ ਰਹੇਗਾ। ਇਹ ਐਵਾਰਡ ਕਿਸੇ ਪੰਜਾਬੀ ਸ਼ਾਸਤਰੀ ਸੰਗੀਤਕਾਰ ਨੂੰ ਦਿਤਾ ਜਾਂਦਾ ਹੈ ਜਿਸਨੂੰ ਬੀਬੀ ਜਸਬੀਰ ਕੌਰ ਖਾਲਸਾ ਨੇ ਆਰੰਭ ਕੀਤਾ ਸੀ। ਇਸ ਸਮਾਰੋਹ ਵਿਚ ਸਿੰਘ ਬੰਧੂ ਸ. ਸੁਰਿੰਦਰ ਸਿੰਘ ਨੂੰ ਸੰਮੇਲਨ ਦੇ ਸਰਪਰਸਤ ਵਜੋਂ ਪ੍ਰੋ. ਯਸ਼ਪਾਲ, ਚੰਡੀਗੜ੍ਹ ਨੂੰ ਨੈਸ਼ਨਲ ਸੰਗੀਤ ਨਾਟਕ ਅਕਾਦਮੀ ਐਵਾਰਡ ਦੀ ਖੁਸ਼ੀ ਵਿਚ ਅਤੇ ਡਾ. ਜਾਗੀਰ ਸਿੰਘ ਸਾਬਕਾ ਪ੍ਰੋ. ਤੇ ਮੁਖੀ ਗੁਰਮਤਿ ਸੰਗੀਤ ਵਿਭਾਗ ਨੂੰ ਉਨ੍ਹਾਂ ਦੀਆਂ ਵਿਸ਼ਿਸ਼ਟ ਸੇਵਾਵਾਂ ਬਦਲੇ ਵਿਸ਼ੇਸ਼ ਰੂਪ ਵਿਚ ਸਨਮਾਨਤ ਕੀਤਾ ਗਿਆ। ਇਸ ਸਮਾਰੋਹ ਵਿਚ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤ੍ਰਿਲੋਚਨ ਸਿੰਘ, ਦਿੱਲੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ. ਮਨਜੀਤ ਸਿੰਘ (ਜੀ.ਕੇ.), ਸ. ਸਵਰਨ ਸਿੰਘ ਭੰਡਾਰੀ - ਪ੍ਰਧਾਨ, ਗੁਰਦੁਆਰਾ ਸਿੰਘ ਸਭਾ, ਗਰੇਟਰ ਕੈਲਾਸ਼, ਦਿੱਲੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।

ਸ੍ਰੀ ਰਾਜਨ ਕੁਲਕਰਨੀ ਨੇ ਸਰੋਦ ਵਾਦਨ ਦੁਆਰਾ ਰਾਗ ਯਮਨ ਅਤੇ ਰਾਗ ਮਾਝ ਖਮਾਜ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸ੍ਰੀ ਰਾਜਨ ਕੁਲਕਰਨੀ ਵਿਖਿਆਤ ਸਰੋਦ ਵਾਦਕ ਹਨ ਜਿਨ੍ਹਾਂ ਦਾ ਪੰਜਾਬ ਨਾਲ ਗਹਿਰਾ ਸਬੰਧ ਰਿਹਾ ਹੈ। ਵਚਿੱਤਰ ਵੀਣਾ ਵਰਗੇ ਦੁਰਲੱਭ ਸਾਜ਼ ਦਾ ਵਾਦਨ ਸ. ਅਜੀਤ ਸਿੰਘ ਦੇਹਰਾਦੂਨ ਨੇ ਕੀਤਾ। ਉਨ੍ਹਾਂ ਰਾਗ ਦੇਸ ਵਿਚ ਗਤ ਵਾਦਨ ਕੀਤਾ। ਉਪਰੰਤ ਅਬਦੁਲ ਅਜੀਜ਼ ਖਾਂ ਸਾਹਿਬ ਜੋ ਪਟਿਆਲਾ ਘਰਾਣੇ ਦੇ ਪ੍ਰਸਿਧ ਵਚਿਤਰ ਵੀਣਾ ਵਾਦਕ ਸਨ, ਉਨ੍ਹਾਂ ਦੀ ਰਾਗ ਪੀਲੂ ਵਿਚ ਧੁਨ ਪ੍ਰਸਤੁਤ ਕੀਤੀ। ਸ. ਅਜੀਤ ਸਿੰਘ, ਪ੍ਰਸਾਰ ਭਾਰਤੀ ਦੇ ਏ ਗਰੇਡ ਆਰਟਿਸਟ ਹਨ। ਇਨ੍ਹਾਂ ਨਾਲ ਤਬਲੇ ਉਤੇ ਸੰਗਤ ਪੰਜਾਬੀ ਯੂਨੀਵਰਸਿਟੀ ਦੇ ਕਲਾਕਾਰ ਸ੍ਰੀ ਜੈਦੇਵ ਅਤੇ ਸ੍ਰੀ ਮਧੁਰੇਸ਼ ਭੱਟ ਨੇ ਕੀਤੀ।

ਸੰਮੇਲਨ ਦੇ ਦੂਸਰੇ ਦਿਨ ਗੁਰਮਤਿ ਸੰਗੀਤ ਚੇਅਰ ਵਲੋਂ '**ਬੀਬੀ ਜਸਬੀਰ ਕੌਰ ਖਾਲਸਾ ਗੁਰਮਤਿ ਸੰਗੀਤ ਸੀਨੀਅਰ ਫੈਲੋਸ਼ਿਪ**' ਪ੍ਰਸਿਧ ਗੁਰਮਤਿ ਸੰਗੀਤਾਚਾਰੀਆ ਪ੍ਰੋ. ਕਰਤਾਰ ਸਿੰਘ ਨੂੰ ਪ੍ਰਦਾਨ ਕੀਤੀ। ਇਥੇ ਇਹ ਵਰਣਨਯੋਗ ਹੈ ਕਿ ਗੁਰਮਤਿ ਸੰਗੀਤ ਚੇਅਰ ਵਲੋਂ ਇਸ ਖੇਤਰ ਵਿਚ ਕਾਰਜਸ਼ੀਲ ਵਿਦਵਾਨ ਸੰਗੀਤਾਚਾਰੀਆ ਨੂੰ ਇਹ ਫੈਲੋਸ਼ਿਪ ਪ੍ਰਦਾਨ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਪਹਿਲਾਂ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਅਤੇ ਸਿੰਘ ਬੰਧੂ ਸ. ਸੁਰਿੰਦਰ ਸਿੰਘ ਜੀ ਨੂੰ ਇਹ ਫੈਲੋਸ਼ਿਪ ਪ੍ਰਦਾਨ ਕੀਤੀ ਜਾ ਚੁੱਕੀ ਹੈ। ਜਥੇਦਾਰ ਅਵਤਾਰ ਸਿੰਘ ਨੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਵਲੋਂ ਵਿਸ਼ਵ ਪੱਧਰ ਤੇ ਕੀਤੇ ਜਾ ਰਹੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਸਾਰ ਦੀ ਸ਼ਲਾਘਾ ਕਰਦਿਆਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਮਤਿ ਸੰਗੀਤ ਚੇਅਰ ਲਈ ਹਮੇਸ਼ਾ ਵਿੱਤੀ ਸਹਿਯੋਗ ਦਿਤੇ ਜਾਣ ਦੀ ਵਚਨਬੱਧਤਾ ਪ੍ਰਗਟਾਈ। ਗੁਰਮਤਿ ਸੰਗੀਤ ਚੇਅਰ ਨੂੰ ਨਿਰੰਤਰ ਵਿਤੀ ਸਹਾਇਤਾ ਦੇ ਰਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਗੁਰਮਤਿ ਸੰਗੀਤ ਚੇਅਰ ਦੇ ਪ੍ਰੋਫੈਸਰ ਤੇ ਮੁਖੀ ਡਾ. ਗੁਰਨਾਮ ਸਿੰਘ ਵਲੋਂ ਐਸ.ਜੀ.ਪੀ.ਸੀ. ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਸੰਤ ਬਾਬਾ ਨਿਧਾਨ ਸਿੰਘ ਟਰਸਟ ਦੇ ਮੁੱਖ ਪ੍ਰਬੰਧਕ ਸ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਪਟਿਆਲਾ ਘਰਾਣੇ ਨਾਲ ਸਬੰਧਿਤ ਬਜ਼ੁਰਗ ਸੰਗੀਤਕਾਰ ਸ੍ਰੀ ਰਾਮ ਲਾਲ ਨੂੰ ਉਨ੍ਹਾਂ ਦੇ ਆਜੀਵਨ ਯੋਗਦਾਨ ਬਦਲੇ ਸਨਮਾਨਤ ਕੀਤਾ ਗਿਆ।

ਪੁਰਾਤਨ ਕਲਾ ਪੰਜਾਬ ਘਰਾਣਾ ਦੇ ਸ. ਕੁਲਵਿੰਦਰ ਸਿੰਘ ਦੇ ਵਿਦਿਆਰਥੀ ਵਲੋਂ ਤਬਲੇ ਤੇ ਤਿੰਨ ਤਾਲ ਦੀ ਪੇਸ਼ਕਾਰੀ ਕੀਤੀ ਗਈ ਜਿਸ ਵਿਚ ਉਨ੍ਹਾਂ ਕਾਇਦਾ, ਗਤ, ਪਰਨਾ ਅਤੇ ਰੇਲਾ ਆਦਿ ਦੀ ਖੂਬਸੂਰਤ ਪੇਸ਼ਕਾਰੀ ਕਰਦਿਆਂ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿਤਾ। ਇਸ ਤੋਂ ਬਾਅਦ ਡਾ. ਅਰਵਿੰਦ ਸ਼ਰਮਾ ਨੇ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਵਿਚ ਰਾਗ ਨੰਦ ਅਤੇ ਰਾਗੇਸ਼ਵਰੀ ਵਿਚ ਆਪਣਾ ਗਾਇਨ ਪੇਸ਼ ਕੀਤਾ। ਆਪਣੇ ਗਾਇਨ ਦੌਰਾਨ ਉਨ੍ਹਾਂ ਨੇ ਅਲਾਪ ਅਤੇ ਖੂਬਸੂਰਤ ਤਾਨਾਂ ਦੀ ਪੇਸ਼ਕਾਰੀ ਕੀਤੀ। ਉਨ੍ਹਾਂ ਨਾਲ ਡਾ. ਪਰਮਜੀਤ ਸਿੰਘ ਨੇ ਤਬਲੇ ਤੇ ਸੰਗਤ ਕੀਤੀ। ਦੂਸਰੇ ਦਿਨ ਦੀ ਅੰਤਿਮ ਪੇਸ਼ਕਾਰੀ ਪੰਜਾਬੀ ਯੂਨੀਵਰਸਿਟੀ ਦੇ ਮੁਜਤਬਾ ਹੁਸੈਨ ਵਲੋਂ ਬਸੰਰੀ ਵਾਦਨ ਦੁਆਰਾ ਕੀਤੀ। ਆਪ ਨੇ ਰਾਗ ਸਿਰੀ ਵਿਚ ਵਿਲੰਬਿਤ ਝਪਤਾਲ, ਮੱਧ ਅਤੇ ਦਰੁੱਤ ਤਿੰਨ ਤਾਲ ਦੀ ਪੇਸ਼ਕਾਰੀ ਕੀਤੀ। ਉਪਰੰਤ ਆਪ ਨੇ ਮਿਸ਼ਰ ਪਹਾੜੀ ਵਿਚ ਠੁਮਰੀ

ਅੰਗ ਦੀ ਧੁਨ ਦੀ ਪ੍ਰਸਤੁਤੀ ਦਿਤੀ। ਆਪ ਨਾਲ ਸ੍ਰੀ ਮਧੁਰੇਸ਼ ਭੱਟ ਨੇ ਤਬਲੇ ਉਪਰ ਸੰਗਤ ਕੀਤੀ।

ਸੰਮੇਲਨ ਦੇ ਤੀਸਰੇ ਦਿਨ ਗਿਆਨੀ ਤਰਲੋਚਨ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਆਪਣੀ ਸੰਬੋਧਨੀ ਭਾਸ਼ਣ ਵਿਚ ਕਿਹਾ ਕਿ ਡਾ. ਗੁਰਨਾਮ ਸਿੰਘ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਗੁਰਮਤਿ ਸੰਗੀਤ ਵਿਸ਼ਵ ਪੱਧਰ ਤੇ ਇਕ ਵੱਖਰੀ ਪਛਾਣ ਸਥਾਪਤ ਕਰ ਚੁੱਕਿਆ ਹੈ ਅਤੇ ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਦੇ ਹੱਬ ਵਜੋਂ ਜਾਣੀ ਜਾਣ ਲਗੀ ਹੈ। ਉਨ੍ਹਾਂ ਕਿਹਾ ਕਿ ਨਵੰਬਰ, 2011 ਵਿਚ ਗੁਰਮਤਿ ਸੰਗੀਤ ਵਿਸ਼ੇ 'ਤੇ ਇਕ ਅੰਤਰ-ਰਾਸ਼ਟਰੀ ਕਾਨਫਰੰਸ ਕਰਵਾ ਕੇ ਗੁਰਮਤਿ ਸੰਗੀਤ ਨੂੰ ਵਿਸ਼ਵ ਪੱਧਰ ਉਤੇ ਕਾਰਜਸ਼ੀਲ ਸੰਸਥਾਵਾਂ ਅਤੇ ਸ਼ਖਸੀਅਤਾਂ ਨਾਲ ਜੋੜਨ ਲਈ ਵੱਖ-ਵੱਖ ਦੇਸ਼ਾਂ ਤੋਂ ਵਿਦਵਾਨਾਂ ਨੂੰ ਸੱਦਿਆ ਜਾਵੇਗਾ। ਪ੍ਰੋਗਰਾਮ ਦੀ ਅਗਲੀ ਕੜੀ ਤਹਿਤ ਗੁਰਮਤਿ ਸੰਗੀਤ ਵਿਭਾਗ ਵਿਖੇ ਕਾਰਜਗਤ ਸ. ਅਮਨਦੀਪ ਸਿੰਘ ਵਲੋਂ ਤਾਊਸ ਵਾਦਨ ਸਰਸਵਤੀ ਰਾਗ ਵਿਚ ਵਿਲੰਬਿਤ ਅਤੇ ਦਰੁੱਤ ਗਤ ਦੀ ਪੇਸ਼ਕਾਰੀ ਦੁਆਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਤਬਲੇ ਤੇ ਸੰਗਤ ਸ੍ਰੀ ਜੈਦੇਵ ਜੀ ਨੇ ਕੀਤੀ। ਉਸ ਉਪਰੰਤ ਵਿਸ਼ਵ ਪ੍ਰਸਿੱਧ ਸ਼ਾਸਤਰੀ ਗਾਇਕ ਸ੍ਰੀ ਸੋਮਦਤ ਬਟੂ ਵਲੋਂ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਕਰਦਿਆਂ ਰਾਗ ਦੇਵਗਿਰੀ ਬਿਲਾਵਲ ਵਿਚ ਵਿਲੰਬਿਤ ਖਿਆਲ 'ਤੁਮ ਬਿਨ ਕੌਨ ਖਬਰ ਲੀਜੈ' ਅਤੇ ਰਾਗ ਗੁਜਰੀ ਤੋੜੀ, ਲਲਿਤ ਗਉੜੀ, ਬਸੰਤ ਬਹਾਰ ਤੇ ਰਾਗ ਅੜਾਨਾ ਵਿਚ ਛੋਟੇ ਖਿਆਲ ਦੀਆਂ ਪੰਜਾਬੀ ਬੰਦਿਸ਼ਾਂ ਦਾ ਗਾਇਨ ਕੀਤਾ ਗਿਆ। ਉਸ ਤੋਂ ਬਾਅਦ ਪੰਜਾਬ ਘਰਾਣੇ ਦੇ ਵਿਸ਼ਵ ਪ੍ਰਸਿੱਧ ਤਬਲਾ ਵਾਦਕ ਸ੍ਰੀ ਕਾਲੇ ਰਾਮ ਜੀ ਵਲੋਂ ਤਬਲਾ ਵਾਦਨ ਦੀ ਸੋਲੋ ਪੇਸ਼ਕਾਰੀ ਕੀਤੀ ਗਈ। ਉਨ੍ਹਾਂ ਨਾਲ ਹਰਮੋਨੀਅਮ ਤੇ ਸੰਗਤ ਸ੍ਰੀ ਸੁਭਾਸ਼ ਚੰਦਰ ਜੀ ਵਲੋਂ ਕੀਤੀ ਗਈ। ਇਸ ਅਵਸਰ 'ਤੇ ਸ੍ਰੀ ਜੁਗਿੰਦਰ ਸਿੰਘ ਜੌਹਲ (ਕਲਕੱਤਾ) ਅਤੇ ਸ. ਰਾਜਿੰਦਰ ਸਿੰਘ ਚਹਿਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸੰਮੇਲਨ ਵਿਚ ਮਿਸਿਜ਼ ਵਾਈਸ-ਚਾਂਸਲਰ ਡਾ. ਜਗਜੀਤ ਕੌਰ, ਸ. ਸੁਰਿੰਦਰ ਸਿੰਘ ਰਾਜ ਅਕੈਡਮੀ (ਯੂ.ਕੇ.), ਐਸ.ਜੀ.ਪੀ.ਸੀ. ਮੈਂਬਰ, ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਦੇ ਮੈਂਬਰ, ਡਾ. ਡੇਜ਼ੀ ਵਾਲੀਆ, ਡਾ. ਅੰਮ੍ਰਿਤਪਾਲ ਕੌਰ, ਡਾ. ਗੁਰਪ੍ਰਤਾਪ ਸਿੰਘ ਗਿੱਲ, ਡਾ. ਰਾਜਿੰਦਰ ਸਿੰਘ ਗਿੱਲ, ਡਾ. ਨਰਿੰਦਰ ਸਿੰਘ ਕਪੂਰ, ਡਾ. ਗੁਰਮੀਤ ਮਾਨ, ਸ. ਅਸ਼ੋਕ ਸਿੰਘ ਬਾਗੜੀਆ, ਉਸਤਾਦ ਰਾਮ ਲਾਲ ਜੀ (ਪਟਿਆਲਾ ਘਰਾਣਾ), ਗੁਰਮਤਿ ਸੰਗੀਤ ਅਕੈਡਮੀ ਚਾਪੜ, ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ ਦੇ ਨੁਮਾਇੰਦੇ ਅਤੇ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗੀਤ ਪ੍ਰੇਮੀ, ਵੱਖ-ਵੱਖ ਕਾਲਜਾਂ ਅਤੇ ਵਿਭਾਗਾਂ ਦੇ ਫੈਕਲਟੀ ਮੈਂਬਰ ਅਤੇ ਕਈ ਪ੍ਰਸਿੱਧ ਸ਼ਖਸੀਅਤਾਂ ਸ਼ਾਮਿਲ ਹੋਈਆਂ। ਤੀਸਰੇ ਰਬਾਬੀ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੌਰਾਨ ਮੰਚ ਦਾ ਸੰਚਾਲਨ ਡਾ. ਕੰਵਲਜੀਤ ਸਿੰਘ, ਸ. ਅਲੰਕਾਰ ਸਿੰਘ ਅਤੇ ਡਾ. ਜਸਬੀਰ ਕੌਰ ਨੇ ਕੀਤਾ। ਸੰਮੇਲਨ ਦੇ ਅੰਤ ਵਿਚ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਅਤੇ ਡੀਨ, ਫੈਕਲਟੀ ਆਫ ਆਰਟਸ ਐਂਡ ਕਲਚਰ ਡਾ. ਗੁਰਨਾਮ ਸਿੰਘ ਨੇ ਸਮੂਹ ਸਰੋਤਿਆਂ ਦੇ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਐਲਾਨ ਕੀਤਾ ਕਿ ਪੰਜਾਬੀ ਯੂਨੀਵਰਸਿਟੀ ਖੋਜ ਤੇ ਪੇਸ਼ਕਾਰੀਆਂ ਦੁਆਰਾ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹਵਾਲੇ ਨਾਲ ਨਿਰੰਤਰ ਵਿਕਸਤ ਕਰਨ ਲਈ ਯਤਨਸ਼ੀਲ ਰਹੇਗੀ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੀ ਭਾਵ ਜੁਗਤ

ਸੁਨੀਤਾ ਰਾਣੀ

ਰਾਗ ਭਾਰਤੀ ਸ਼ਾਸਤਰੀ ਸੰਗੀਤ ਦੀ ਆਧਾਰ ਸ਼ਿਲਾ ਹੈ ਜਿਸ ਦਾ ਪ੍ਰਯੋਗ ਭਾਗਤ ਦੀਆਂ ਧਾਰਮਿਕ ਪਰੰਪਰਾਵਾਂ ਲਈ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਸੰਗੀਤ ਦੀ ਇਸ ਪ੍ਰਕਾਰ ਦੀ ਭਾਵਨਾਤਮਕ ਸ਼ਬਕਤੀ ਦੇ ਕਾਰਨ ਹੀ ਧਰਮ ਅਤੇ ਮਨੋਰੰਜਨ ਦੇ ਖੇਤਰ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਜਿੱਥੋਂ ਤਕ ਸੰਗੀਤ ਦਾ ਧਰਮ ਦੇ ਨਾਲ ਸੰਬੰਧ ਹੈ, ਇਸ ਦਾ ਪ੍ਰਮਾਣ ਵੈਦਿਕ ਕਾਲ ਤੋਂ ਹੀ ਪ੍ਰਯੋਗ ਹੋਣ ਵਾਲੇ ਸੰਗੀਤ ਤੋਂ ਭਲੀ ਭਾਂਤ ਹੋ ਜਾਂਦਾ ਹੈ। ਇਸ ਕਾਲ ਤੋਂ ਸਵਰ ਵਿਕਾਸ ਕਰਕੇ ਰਾਗ ਕੇ ਜਦੋਂ ਗੁਰਮਤਿ ਸੰਗੀਤ ਧਾਰਾ ਦੇ ਨਾਲ ਜੁੜਦਾ ਹੈ ਤਾਂ ਇਸ ਦਾ ਇਕ ਨਿਸ਼ਚਿਤ ਵਿਧੀ ਵਿਧਾਨ ਸਥਾਪਿਤ ਹੋ ਜਾਂਦਾ ਹੈ। ਇਸ ਵਿਚ ਰਾਗ ਬਾਣੀ ਦੇ ਨਾਲ ਅੰਤਰ ਸੰਬੰਧਤ ਹੋ ਕੇ ਆਪਣੇ ਜੀਵੰਤ ਨੂਰ ਰਾਹੀਂ ਭਾਵਾਂ ਨੂੰ ਖੜੋਤ ਦੀ ਅਵਸਥਾ ਤੋਂ ਗਤੀਸ਼ੀਲਤਾ ਵੱਲ ਲੈ ਜਾਂਦਾ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਦੇ ਸਾਧਾਰਨ ਉਚਾਰਣ ਨਾਲੋਂ ਗੁਰਬਾਣੀ ਦਾ ਕੀਰਤਨ ਪ੍ਰਵਾਹ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। ਰਾਗ ਦੀ ਸਾਰਥਕਤਾ ਅਤੇ ਰਾਗਾਂ ਦੇ ਭਾਵਾਂ ਦੀ ਵਿਸ਼ੇਸ਼ਤਾ ਬਿਆਨ ਕਰਨ ਲਈ ਬਾਣੀ ਵਿਚ ਵਿਭਿੰਨ ਫੁਰਮਾਨ ਦਿੱਤੇ ਗਏ ਹਨ।

1. ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ (ਗੁ. ਗ੍ਰੰ. ਪੰਨਾ 85)
2. ਗਉੜੀ ਰਾਗਿ ਸੁਲਖਣੀ ਜੇ ਖਸਤਮੈ ਚਿਤਿ ਕਰੇਇ (ਗੁ. ਗ੍ਰੰ. ਪੰਨਾ 311)
3. ਸੋਰਠਿ ਸਦਾ ਸੋਹਾਵਣੀ ਜੇ ਸਚਾ ਮਨਿ ਹੋਇ (ਗੁ. ਗ੍ਰੰ. ਪੰਨਾ 642)
4. ਰਾਮਕਲੀ ਰਾਮੁ ਮਨਿ ਵਸਿਆ ਤਾਂ ਬਨਿਆ ਸੀਗਾਰੁ (ਗੁ. ਗ੍ਰੰ. ਪੰਨਾ 950)

ਉਪਰੋਕਤ ਫੁਰਮਾਨ ਬਾਣੀ ਵਿਚ ਰਾਗਾਂ ਦੀ ਭਾਵਨਾਤਮਕ ਅਭਿਵਿਅਕਤੀ ਦੇ ਮਨੋਰਥ ਵੱਲ ਸਿੱਧਾ ਸੰਕੇਤ ਕਰਦੇ ਹਨ। ਭਾਰਤੀ ਸ਼ਾਸਤਰੀ ਸੰਗੀਤ ਦੀ ਪਰੰਪਰਾ ਅਧੀਨ ਰਾਗਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਮਨ ਨੂੰ ਕਿਸੇ ਨਾ ਕਿਸੇ ਭਾਵ ਨਾਲ ਜੋੜਦੇ ਹਨ। ਰੰਜਕਤਾ ਇਹਨਾਂ ਦਾ ਮੁੱਖ ਲਕਸ਼ ਹੁੰਦਾ ਹੈ। ਪਰੰਤੂ ਬਾਣੀ ਦੇ ਅਧੀਨ ਪ੍ਰਯੋਗ ਹੋਣ ਵਾਲੇ ਰਾਗ ਕੇਵਲ ਰੰਜਕਤਾ ਦੀ ਪ੍ਰਾਪਤੀ ਨਹੀਂ ਹਨ ਜਿਵੇਂ ਕਿ ਭਾਰਤੀ ਸੰਗੀਤ ਵਿਚ ਮੰਨਿਆ ਜਾਂਦਾ ਹੈ। ਬਾਣੀ ਦੇ ਨਾਲ ਜੁੜ ਕੇ ਰਾਗ ਪਰਮਾਤਮਾ ਦੇ ਨਾਮ ਨੂੰ ਸਹਿਜ ਰੂਪ ਵਿਚ ਵਾਸ ਕਰਵਾਉਂਦਾ ਹੈ। ਉਦਾਹਰਣ ਵਜੋਂ:

1. ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।।<br>ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ।।<br>ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ।। (ਗੁ. ਗ੍ਰੰ., ਪੰਨਾ 423)
2. ਰਾਗ ਨਾਦੁ ਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ (ਗੁ. ਗ੍ਰੰ., ਪੰਨਾ 849)

ਗੁਰਬਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਕਿਸੇ ਇਕ ਭਾਵ ਨੂੰ ਲੈ ਕੇ ਨਹੀਂ ਚਲਦੀ ਬਲਕਿ ਇਸ ਵਿਚ ਭਾਵਾਂ ਦੀ ਵੱਖਰਤਾ ਹੈ। ਇਸ ਦਾ ਕਾਰਨ ਇਹ ਹੈ ਕਿ ਗੁਰੂ ਸਾਹਿਬਾਨ ਦਾ ਅਨੁਭਵ ਕੋਈ ਸਾਧਾਰਨ ਅਨੁਭਵ ਨਹੀਂ ਕਿ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਜਾਂ ਕਵਿਤਾ ਰਾਹੀਂ ਪ੍ਰਗਟ ਕੀਤਾ ਜਾ ਸਕਦਾ। ਇਸ ਲਈ ਪਰਮਾਤਮਾ ਨਾਲ ਸੰਬੰਧਤ ਅਨੁਭਵ ਨੂੰ ਪ੍ਰਗਟ ਕਰਨ ਲਈ ਕੋਈ ਸਾਧਨ ਚਾਹੀਦਾ ਹੈ ਜੋ ਪਰਮਾਤਮਾ ਵਾਂਗ ਹੀ ਸਰਬ ਵਿਆਪਕ ਹੋਵੇ। ਮਨੁੱਖ ਦੀ ਪਹੁੰਚ ਵਿਚ ਸਭ ਤੋਂ ਨੇੜੇ ਦਾ ਸਾਧਨ ਹੈ ਜੋ ਪਰਮਾਤਮਾ ਵਾਂਗ ਹੀ ਸਰਬ ਵਿਆਪਕ ਹੋਵੇ। ਮਨੁੱਖ ਦੀ ਪਹੁੰਚ ਵਿਚ ਸਭ ਤੋਂ ਨੇੜੇ ਦਾ ਸਾਧਨ ਹੈ ਨਾਦ, ਅਤੇ ਨਾਦ ਦੀ ਅਜਿਹੀ ਹਸਤੀ ਹੈ ਜਿਹੜੀ ਗੋਚਰ ਜਗਤ ਤੋਂ ਪਾਰ ਦੇ ਵਰਤਾਰਿਆਂ ਦੀ ਥਾਂਹ ਲਾਉਂਦੀ ਹੈ। ਇਸ ਲਈ ਬਾਣੀ ਦੇ ਭਾਵ ਸੰਚਾਰ ਲਈ ਵਿਭਿੰਨ ਰਾਗਾਂ ਦਾ ਪ੍ਰਯੋਗ ਕੀਤਾ ਗਿਆ।

ਇਸ ਮਨੋਰਥ ਦੀ ਸਿੱਧੀ ਲਈ ਬਾਣੀ ਦੇ ਅਧੀਨ ਮੁੱਖ ਰੂਪ ਵਿਚ 31 ਅਤੇ ਇਨਾ ਹੀ 31 ਰਾਗਾਂ ਦੇ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਜਿਹਨਾਂ ਵਿਚ ਕੁਝ ਰਾਗ ਗੁਰਬਾਣੀ ਸੰਗੀਤ ਦੇ ਮੌਲਿਕ ਰਾਗ ਮੰਨੇ ਜਾਂਦੇ ਹਨ। ਵਰਗ ਵੰਡ ਦੇ ਆਧਾਰ ਦੇ ਮੁੱਖ ਇਕੱਤੀ ਰਾਗਾਂ ਨੂੰ ਉਹਨਾਂ ਦੀ ਭਾਵ ਜੁਗਤ ਅਨੁਸਾਰ ਇਸ ਪ੍ਰਕਾਰ ਪੇਸ਼ ਕੀਤਾ ਗਿਆ ਹੈ:

ਸਮੇਂ ਅਨੁਸਾਰ ਰਾਗਾਂ ਦੀ ਵੰਡ

| | ਰਾਗ | ਸਮਾਂ | ਰਸ ਭਾਵ |
|---|---|---|---|
| 1. | ਸਿਰੀ | ਦਿਨ ਦਾ ਚੌਥਾ ਪਹਿਰ | ਗੰਭੀਰ ਪ੍ਰਕਿਰਤੀ |
| 2. | ਆਸਾ | ਦਿਨ ਦਾ ਪਹਿਲਾ ਪਹਿਰ | ਸ਼ਿੰਗਾਰ ਰਸੀ |
| 3. | ਭੈਰਵ | ਸਵੇਰ ਦਾ | ਭਗਤੀ ਰਸ |
| 4. | ਪ੍ਰਭਾਤੀ | ਸਵੇਰ ਦਾ ਪਹਿਲਾ ਪਹਿਰ | ਖੁਸ਼ੀ ਦਾ ਭਾਵਾਂ ਵਾਲਾ |
| 5. | ਧਨਾਰਸੀ | ਦਿਨ ਦਾ ਦੂਜਾ ਪਹਿਰ | ਭਗਤੀ ਰਸ |
| 6. | ਗੂਜਰੀ | ਸਵੇਰ ਦਾ ਦੂਜਾ ਪਹਿਰ | ਭਗਤੀ ਰਸ |
| 7. | ਦੇਵਗੰਧਾਰੀ | ਦਿਨ ਦਾ ਦੂਜਾ ਪਹਿਰ | ਖੁਸ਼ੀ ਵਾਲੀ ਤਾਸੀਰ |
| 8. | ਟੋਡੀ | ਦਿਨ ਦਾ ਤੀਜਾ ਪਹਿਰ | ਭਗਤੀ ਰਸ (ਵੈਰਾਗਮਈ) |
| 9. | ਬੈਰਾੜੀ | ਦਿਨ ਦਾ ਚੌਥਾ ਪਹਿਰ | ਕਰੁਣ ਰਸ ਦੇ ਅਨੁਕੂਲ |
| 10. | ਸੂਹੀ | ਦਿਨ ਦਾ ਦੂਜਾ ਪਹਿਰ | ਸ਼ਿੰਗਾਰ ਰਸ ਦੇ ਅਨੁਕੂਲ |
| 11. | ਬਿਲਾਵਲ | ਸਵੇਰ ਦਾ | ਸ਼ਿੰਗਾਰ ਰਸ |
| 12. | ਗੌਂਡ | ਦਿਨ ਦਾ ਦੂਸਰਾ ਪਹਿਰ | ਸ਼ਿੰਗਾਰ (ਵੀਰ/ਰੋਦਰ) |
| 13. | ਰਾਮਕਲੀ | ਸਵੇਰ ਦਾ | ਭਗਤੀ ਰਸ (ਸ਼ਾਂਤ ਤੇ ਕਰੁਣ) |
| 14. | ਮਾਲੀ ਗਉੜਾ | ਦਿਨ ਦਾ ਚੌਥਾ ਪਹਿਰ | ਸ਼ਾਂਤ ਤੇ ਕਰੁਣ ਦੇ ਅਨੁਕੂਲ |
| 15. | ਮਾਰੂ | ਦਿਨ ਦਾ ਅੰਤਿਮ ਪਹਿਰ | ਸ਼ਿੰਗਾਰ ਰਸ |
| 16. | ਤੁਖਾਰੀ | ਦਿਨ ਦਾ ਚੌਥਾ ਪਹਿਰ | ਵਿਯੋਗ ਸ਼ਿੰਗਾਰ |
| 17. | ਸਾਰੰਗ | ਦਿਨ ਦਾ ਦੂਜਾ ਪਹਿਰ | ਸ਼ਾਂਤ ਰਸ |
| 18. | ਵਡਹੰਸ | ਦੁਪਹਿਰ | ਵਿਯੋਗ ਸ਼ਿੰਗਾਰ |
| 19. | ਮਾਝ | ਰਾਤ ਦਾ ਪਹਿਲਾ ਪਹਿਰ | ਰੇ ਧ ਸ਼ੁਧ ਦੇ ਕਾਰਨ ਭਾਤਖੰਡੇ ਅਨੁਸਾਰ ਸ਼ਿੰਗਾਰ ਭਾਵ ਦੇ ਅਨੁਕੂਲ |
| 20. | ਗਉੜੀ | ਬਹੁਮਤ ਅਨੁਸਾਰ ਰਾਤ ਦਾ ਪਹਿਲਾ ਪਹਿਰ | ਰੇ ਧੁ ਕੋਮਲ ਦੇ ਕਾਰਨ ਸ਼ਿੰਗਾਰ ਤੇ ਕਰੁਣ ਭਾਵਨਾ ਪ੍ਰਗਟ ਕਰਨ ਵਿਚ ਸਹਾਇਕ (ਸ਼ਿੰਗਾਰ ਭਾਵ) |
| 21. | ਬਿਹਾਗੜਾ | ਰਾਤ ਦਾ ਅੰਤਿਮ ਪਹਿਰ | ਸ਼ਿੰਗਾਰਕ |
| 22. | ਸੋਰਠਿ | ਰਾਤ ਦਾ | ਗੰਭੀਰ ਪ੍ਰਕਿਰਤੀ ਦਾ ਵੈਰਾਗਮਈ ਰਾਗ |
| 23. | ਜੈਤਸਿਰੀ | ਸ਼ਾਮ | ਸ਼ਾਂਤ ਰਸ |
| 24. | ਤਿਲੰਗ | ਰਾਤ ਦਾ ਦੂਜਾ ਪਹਿਰ | ਕਰੁਣ ਭਾਵਾਂ ਦੇ ਅਨੁਕੂਲ |
| 25. | ਨਟਨਾਰਾਇਦ | ਰਾਤ ਦਾ ਦੂਜਾ ਪਹਿਰ | ਸ਼ਿੰਗਾਰ ਰਸ ਦੇ ਅਨੁਕੂਲ |
| 26. | ਕੇਦਾਰਾ | ਰਾਤ ਦਾ ਪਹਿਲਾ ਪਹਿਰ | ਸ਼ਿੰਗਾਰ ਰਸ |
| 27. | ਬਸੰਤ | ਰਾਤ ਦਾ ਅੰਤਮ ਪਹਿਰ | ਸ਼ਾਂਤ ਰਸ (ਗੰਭੀਰ) |
| 28. | ਕਾਨੜਾ | ਮੱਧ ਰਾਤ | ਸ਼ਾਂਤ ਰਸ (ਗੰਭੀਰ) |
| 29. | ਕਲਿਆਣਾ | ਰਾਤ ਦਾ ਅੰਤਮ ਪਹਿਰ | ਸ਼ਾਂਤ ਰਸ |
| 30. | ਜੈਜਵੰਤੀ | ਰਾਤ ਦੇ ਦੂਜੇ ਪਹਿਰ ਦਾ ਅੰਤਿਮ ਭਾਗ | ਖੁਸ਼ੀ ਦੇ ਭਾਵਾਂ ਵਾਲਾ |
| 31. | ਮਲਾਰ | ਵਰਖਾ ਦਾ ਸਮਾਂ | ਵਿਯੋਗ ਸ਼ਿੰਗਾਰ |

ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਮੁੱਖ 31 ਰਾਗਾਂ ਦੇ ਮਹੱਤਵ ਅਤੇ ਉਸਦੇ ਸਮੇਂ ਅਨੁਸਾਰ ਭਾਵਾਂ ਨੂੰ ਸਾਰਨੀ ਦੁਆਰਾ ਸਪੱਸ਼ਟ ਕਰਨ ਉਪਰੰਤ ਇਹਨਾਂ ਰਾਗਾਂ ਦੇ ਚਲਣ ਸੰਬੰਧੀ ਗੱਲ ਕਰਨਾ ਮਹੱਤਵਪੂਰਨ ਹੋਵੇਗਾ ਕਿ ਇਹ ਰਾਗ ਕਿਵੇਂ ਖਾਸ ਰਸ ਭਾਵ ਦਾ ਰੂਪ ਅਖਤਿਆਰ ਕਰ ਜਾਂਦੇ ਹਨ। ਰਾਗ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਦੀ ਰਾਗਾਤਮਕ ਅਭਿਵਿਅਕਤੀ ਲਈ ਨਾਦਾਤਮਕ ਅਤੇ ਭਾਵਾਤਮਕ ਦੋ ਰੂਪ ਵਿਸ਼ੇਸ਼ ਮੰਨੇ ਗਏ ਹਨ। ਜੋ ਇਸ ਨੂੰ ਪੂਰੇ ਵਿਸ਼ਵ ਦੇ ਸੰਗੀਤ ਨਾਲੋਂ ਵੱਖਰਾ ਮੁਹਾਂਦਰਾ ਪ੍ਰਦਾਨ ਕਰਵਾਉਂਦੇ ਹਨ। ਜਿੱਥੋਂ ਤਕ ਇਹਨਾਂ ਰਾਗਾਂ ਦੁਆਰਾ ਭਾਵਾਂ ਦੀ ਅਭਿਵਿਅਕਤੀ ਦਾ ਸੰਬੰਧ ਹੈ। ਇਸ ਦੀ ਉਤਪਤੀ ਲਈ ਰਾਗ ਦੇ ਚਲਣ ਦੇ ਅਧੀਨ ਕੁਝ ਮਹੱਤਵਪੂਰਨ ਘਟਕ ਆਪਣੀ ਅਹਿਮ ਭੂਮਿਕਾ ਅਦਾ ਕਰਦੇ ਹਨ। ਉਹਨਾਂ ਵਿਚੋਂ ਜਿਵੇਂ ਰਾਗ ਦੇ ਨਾਦਾਤਮਕ ਸਰੂਪ ਵਿਚ ਵਿਸ਼ੇਸ਼ ਸਵਰ ਵਾਦੀ, ਸੰਵਾਦੀ, ਲੈਅ, ਸਮਾਂ, ਕਾਕੂ ਭੇਦ, ਸਵਰਾਂ ਦਾ ਸੱਚਾ ਲਗਾਵ ਆਦਿ ਰਾਗ ਵਿਚੋਂ ਭਾਵ ਉਤਪੰਨ ਕਰਨ ਵਿਚ ਸਹਾਇਕ ਹੁੰਦੇ ਹਨ। ਰਾਗ ਮਨੁੱਖੀ ਮਾਨਸਿਕਤਾ ਦੇ ਨਾਲ ਜੁੜੇ

ਹੋਏ ਹਨ। ਇਹਨਾਂ ਦੁਆਰਾ ਉਤਪੰਨ ਰਸ ਭਾਵ ਮਨੁੱਖ ਨੂੰ ਕਈ ਤਰ੍ਹਾਂ ਨਾਲ ਪ੍ਰਭਾਵਤ ਵੀ ਕਰਦਾ ਹੈ। ਇਸੇ ਪ੍ਰਕਾਰ ਦੀ ਮਾਨਸਿਕਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸ਼ਾਸਤਰਕਾਰਾਂ ਨੇ ਰਾਗ ਦੇ ਭਾਵਾਂ ਨੂੰ ਸੁਣਨ ਦੇ ਪੱਧਰ ਤੋਂ ਦਿੱਖ ਪੱਧਰ ਤੇ ਲਿਜਾ ਕੇ ਸਮਝਾਉਣ ਦਾ ਯਤਨ ਕੀਤਾ ਹੈ। ਜਿਸ ਸੰਬੰਧੀ ਕੁਝ ਧਿਆਨ ਚਿਤਰ ਗ੍ਰੰਥਾਂ ਵਿਚ ਉਪਲਬਧ ਹੁੰਦੇ ਹਨ। ਬਾਣੀ ਅਧੀਨ ਵਰਤੇ ਇਕੱਤੀ ਰਾਗਾਂ ਦੇ ਕੁਝ ਧਿਆਨਾਂ ਦਾ ਵਰਣਨ ਸਲੋਕਾਂ ਅਤੇ ਭਾਵਾਂ ਅਨੁਸਾਰ ਇਸ ਤਰ੍ਹਾਂ ਪ੍ਰਸਤੁਤ ਹੈ:

ਜਿਸ ਦੀ ਉਮਰ ਅਠਾਰਾਂ ਵਰ੍ਹਿਆਂ ਦੀ ਹੈ। ਕਾਮਦੇਵ ਦੇ ਸਮਾਨ ਜਿਸਦੀ ਸੁੰਦਰ ਮੂਰਤੀ ਹੈ। ਜੋ ਧੀਰ ਹੈ। ਜਿਸਨੇ ਆਪਣੇ ਕੰਨਾਂ ਵਿਚ ਕੋਮਲ ਪਲਵਾਂ ਦੇ ਆਭੂਸ਼ਣ ਪਹਿਨੇ ਹੋਏ ਹਨ। ਸ਼ੜਜ ਆਦਿ ਇਸ ਦੀ ਅਭਿਲਾਸ਼ਾ ਕਰਦੇ ਹਨ ਅਤੇ ਜਿਸਨੇ ਅਰੁਣ (ਤਾਮਰ) ਵਰਣ ਦੇ ਵਸਤਰ ਧਾਰਨ ਕੀਤੇ ਹਨ। ਅਜਿਹਾ ਕਸ਼ਿਤਿਪਾਲਮੂਰਤੀ ਸ੍ਰੀ ਰਾਗ ਹੈ।

ਜਿਸਨੇ ਉੱਚੇ ਅਤੇ ਪੁਸ਼ਟ ਸਤਨਾ ਉੱਤੇ ਸੁੰਦਰ ਹਾਰ ਪਹਿਨੇ ਹੋਏ ਹਨ। ਜਿਸਦਾ ਚਿੱਤ ਕੰਨ ਵਿਚ ਪਾਏ ਹੋਏ ਕਮਲ ਦੇ ਆਸ-ਪਾਸ ਗੁਜਰਨ ਵਾਲੇ (ਉਡਣ ਵਾਲੇ) ਭੰਵਰੇ ਦੇ ਨਾਦ ਵੱਲ ਉਚੱਟ ਰਿਹਾ ਹੈ। ਜਿਸ ਦੀ ਬਾਂਹ ਸਥਿਰ ਹੋ ਗਈ ਹੈ ਅਤੇ ਜੋ ਆਪਣੇ ਪ੍ਰਿਯਤਮ ਦੇ ਕੋਲ ਜਾ ਰਹੀ ਹੈ। ਅਜਿਹੀ ਸੋਰਠਿ ਰਾਗਿਨੀ ਹੈ।

ਸ਼ਿਆਮ ਵਰਣ ਵਾਲੀ, ਸੁੰਦਰ ਕੇਸ਼ਾ ਨਾਲ ਯੁਕਤ ਹੈ। ਜਿਸ ਨੇ ਚੰਦਨ ਦੇ ਬਿਰਖ ਦੇ ਮੱਧ ਵਿਚ ਕੋਮਲ ਪਲਵਾ ਦੀ ਸੇਜ ਵਿਛਾਈ ਹੈ। ਜੋ ਸ਼ਰੁਤੀ ਅਤੇ ਸਵਰ ਦੇ ਵਿਭਾਗ ਜਾਨਣ ਵਾਲੀ ਹੈ ਅਤੇ ਜਿਸਦੇ ਹੱਥਾਂ ਵਿਚ ਵੀਣਾ ਹੈ। ਅਜਿਹੀ ਦੱਖਣੀ ਗੁਜਰੀ ਹੈ।

ਜੋ ਸੁੰਦਰ ਹੈ। ਜਿਸਦਾ ਸ਼ਾਮ ਸਰੀਰ ਹੈ ਜੋ ਬਿਰਹਾ ਨਾਲ ਬੇਹਾਲ ਹੋ ਕੇ ਪ੍ਰਿਯਤਮ ਦਾ ਚਿੱਤਰ ਬਣਾ ਰਹੀ ਹੈ। ਜਿਸ ਦੇ ਗਲ ਸਫੈਦ ਹੋ ਗਏ ਹਨ। ਨੇਤਰਾਂ ਤੋਂ ਪ੍ਰਭਾਹਿਤ ਹੋਣ ਵਾਲੇ ਅੱਥਰੂਆਂ ਦੇ ਨਾਲ ਜਿਸ ਦੇ ਸਤਨ ਭਿੱਜ ਗਏ ਹਨ। ਅਜਿਹੀ ਹੀ ਹੈ ਧਨਾਸਰੀ।

ਜਿਸ ਦਾ ਸ਼ਾਮ ਵਰਣ ਹੈਂ ਜਿਸਦੇ ਕੰਨਾਂ ਵਚ ਅਮਰ ਮੰਜਰੀ (ਅੰਬ ਦੇ ਬੋਰ) ਦੇ ਆਭੂਸ਼ਣ ਹਨ। ਕੋਇਲ ਦੇ ਨਾਮ ਦੇ ਸਮਾਨ (ਜਿਸ ਦੇ ਕੰਠ ਸਵਰ) ਰਮਯ ਹੋ ਕੇ ਜਿਸ ਤੋਂ ਸ਼ਹਿਦ ਟਪਕਦਾ ਹੈ। ਜਿਸਦਾ ਨਾਦ ਸੂਮ ਹੈ। ਅਜਿਹੀ ਕੋਹਿਲ ਪੰਡਿਤ ਦੇ ਦੁਆਰਾ ਵਰਣਿਤ ਗੋਰੀ ਰਾਗਣੀ ਹੈ।

ਗੋੜੀ (ਗੋਰੀ) ਗੋਰੇ ਰੰਗ ਵਾਲੀ ਕਮਲ ਦੀ ਤਰ੍ਹਾਂ ਅੱਖਾਂ ਵਾਲੀ ਦੁੱਧ ਦੇ ਸਮਾਨ ਸਫੇਦ ਵਸਤਰ ਪਹਿਨੇ ਹੋਏ, ਜਿਸ ਦਾ ਸੁਭਾਵਿਕ ਸੁੰਦਰ ਹਾਸਾ ਹੈ, ਅਤੇ ਲੰਮੀਆਂ-ਲੰਮੀਆਂ ਬਾਹਵਾਂ ਹਨ। ਹੱਥਾਂ ਵਿਚ ਸੱਪਾਂ ਵਾਲਾ ਛਾਤਾ ਪਕੜਿਆ ਹੋਇਆ ਹੈ।

ਜਿਸਨੇ ਆਪਣੇ ਵੇਣੀ ਵਿਚ ਮੋਰਪੰਖਾਂ ਦੇ ਝੁਮਕੇ ਗੁੰਦ ਲਏ ਹਨ। ਅੰਬ ਦੇ ਸੁੰਦਰ ਬੋਰ ਦੇ ਕਰੁਣ ਭੂਸ਼ਣ ਬਣਾਏ ਹਨ। ਨੀਲ ਕਮਲ ਦੇ ਸਮਾਨ ਜਿਸਦਾ ਸ਼ਾਮ ਸਰੀਰ ਹੈ। ਜੋ ਸੁੰਦਰ ਹੈ ਅਤੇ ਜਿਸਦੀ ਭੰਵਰਿਆਂ ਦੇ ਸਮਾਨ ਯੋਭਾਯੁਕਤ ਕਾਂਤੀ ਹੈ। ਅਜਿਹੀ ਹੈ ਵਸੰਤਿਕਾ

ਜਿਸਦੀ ਦੇਹ ਦਾ ਵਰਣ ਕੁੰਦ ਅਤੇ ਬਰਫ਼ ਦੇ ਸਮਾਨ ਨਿਰਮਲ ਸਵੱਸ਼ ਅਤੇ ਸਫੇਦ ਹੈ। ਜਿਸਨੇ ਕੇਸਰ ਅਤੇ ਕਪੂਰ ਦੀ ਸੁਗੰਧੀ ਨਾਲ ਸਰੀਰ ਦਾ ਮਰਦਨ ਕੀਤਾ ਹੈ। ਜੋ ਵਣਾਂ ਵਿਚ ਮ੍ਰਿਗਾਂ ਦੇ ਨਾਲ ਵਿਨੋਦ ਕਰਦੀ ਹੈ। ਜਿਸਨੇ ਆਪਣੇ ਹੱਥ ਵਿਚ ਵੀਣਾ ਲੈ ਰੱਖੀ ਹੈ। ਅਜਿਹੀ ਸ਼ੋਭਾਮਈ ਤੋੜੀ ਹੈ।

ਜਿਸ ਦੀ ਕਾਂਤੀ ਸੋਨੇ ਦੇ ਸਮਾਨ ਹੈ। ਜਿਸਨੇ ਜਗਮਗਾਉਂਦੇ ਗਹਿਣੇ ਪਹਿਨੇ ਹੋਏ ਹਨ ਜਿਸ ਨੇ ਸਰੀਰ ਤੇ ਵਸਤਰ ਧਾਰਨ ਕੀਤੇ ਹੋਏ ਹਨ। ਜਿਸ ਦਾ ਕੰਠ ਸੁੰਦਰ ਹੈ, ਜੋ ਆਪਣੇ ਪ੍ਰੀਤਮ ਦੇ ਸਮੀਪ ਹੈ, ਜੋ ਅਤੀ ਮਾਨਵੀ ਹੈ, ਐਸੀ ਰਾਮਕਲੀ ਰਾਗਣੀ ਹੈ।

ਜਿਸਨੇ ਆਪਣੇ ਸਰੀਰ ਤੇ ਜਟਾਂ ਧਾਰਨ ਕਰ ਰੱਖੀ ਹੈ, ਅਤੇ ਜਿਸਦੇ ਮਸਤਕ ਤੇ ਸਫੇਦ ਚੰਦਰਕਲਾ ਦਾ ਸ਼ਿਰੋਭੂਸ਼ਣ ਹੈ। ਜਿਸਨੇ ਤਾਨਾਂ ਦਾ ਉਤਰਾਚਸ਼ਾਦਨ ਲੈ ਰੱਖਿਆ ਹੈ। ਜਿਸਨੇ ਯੋਗੀਆਂ ਦੇ ਧਾਰਨ ਕਰਨ ਯੋਗ ਪੱਟ ਸੂਤਰ (ਕਮਰ ਵਿਚ ਬੰਨਣ ਵਾਲਾ ਵਸਤਰ) ਧਾਰਨ ਕੀਤਾ ਹੈ। ਜਿਸਦਾ ਚਿਤ ਮਹਾਂਦੇਵ ਜੀ ਦਾ ਧਿਆਨ ਕਰਨ ਵਿਚ ਮਗਨ ਹੈ।

ਜਿਸਦੇ ਹੱਥਾਂ ਵਿਚ ਖੜਗ ਹੈ। ਜਿਸਨੇ ਹਾਥੀ ਦੇ ਦੰਦ ਦਾ ਇਕ ਟੁਕੜਾ ਹੱਥਾਂ ਵਿਚ ਲੈ ਰੱਖਿਆ ਹੈ। ਦੇਵ ਲੋਕ ਦੇ ਚਾਰਣ ਜਿਸਦੀ ਸਤੂਤੀ ਕਰਦੇ ਹਨ। ਕਾਨੜਾ ਦੀ ਅਜਿਹੀ ਦਿਵਯ ਮੂਰਤੀ ਹੈ।

ਜੋ ਗੋਰੀ ਅਤੇ ਕ੍ਰਿਸ਼ਾਂਗੀ ਹੈ। ਜਿਸਦੇ ਕੰਠ ਦਾ ਨਾਦ ਕੋਕਿਲ ਦੇ ਨਾਦ ਸਮਾਨ ਹੈ। ਗੀਤ ਦੇ ਬਹਾਨੇ ਨਾਲ ਜੋ ਆਪਣੇ ਪ੍ਰੀਤਮ ਨੂੰ ਯਾਦ ਕਰਦੀ ਹੈ। ਜਿਸਨੇ ਹੱਥਾਂ ਵਿਚ ਵੀਣਾ ਲੈ ਰੱਖੀ ਹੈ। ਜਿਸਦੀ ਕਾਂਤੀ ਮਲੀਨ ਹੋ ਗਈ ਹੈ। ਯੋਵਨ ਅਵਸਥਾ ਦੇ ਯੋਗ ਨਾਲ ਜਿਸਦਾ ਚਿਤ ਤ੍ਰਸਤ ਹੋ ਗਿਆ ਹੈ। ਅਜਿਹਾ ਮਲਾਰ ਹੈ।

ਰੁਦਰ ਸਮਾਨ ਉਸਦਾ ਵੇਸ ਹੈ। ਜਟਾ ਦੇ ਸਮੇਤ ਸ਼ਿਰਾ ਦੀ ਮਾਲਾ ਨਾਲ ਵਿਭੂਸ਼ਿਤ ਹੈ। ਲਲਵਰਣ ਦੇ ਨੇਤਰ ਹਨ

ਭੈਰਵ (ਭਿਆਨਕ) ਜਿਸਦਾ ਆਸਨ ਹੈ, ਉਹ ਹੈ ਭੈਰਵ ਰਾਗ।

ਬਿਲਾਵਲ : ਇਸ ਧਿਆਨ ਵਿਚ ਆਪਣੇ ਪ੍ਰੇਮੀ ਨੂੰ ਮਿਲਣ ਲਈ ਤਿਆਰ ਹੁੰਦੀ ਨਾਇਕਾ ਨੂੰ ਰਾਗਣੀ ਦੇ ਰੂਪ ਵਿਚ ਚਿਤਰਿਤ ਕੀਤਾ ਗਿਆ ਹੈ। ਉਹ ਛੱਜੇ ਉੱਤੇ ਬੈਠੀ ਆਪਣਾ ਸ਼ਿੰਗਾਰ ਕਰਦੀ ਦਿਖਾਈ ਜਾਂਦੀ ਹੈ ਅਤੇ ਉਸਦੇ ਵਰਣ ਕੋਮਲ ਦੀ ਤਰ੍ਹਾਂ ਹੈ।15

ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਮੁੱਖ 31 ਰਾਗਾਂ ਦੇ ਮਹੱਤਵ ਅਤੇ ਉਸਦੇ ਭਾਵਾਂ ਨੂੰ ਸਾਰਨੀ ਦੁਆਰਾ ਸਪੱਸ਼ਟ ਕਰਨ ਉਪਰੰਤ ਰਾਗਾਂ ਦਾ ਬਾਣੀ ਦੇ ਸੰਦਰਭ ਵਿਚ ਅਤੇ ਭਾਰਤੀ ਪਰੰਪਰਾ ਅਧੀਨ ਇਹਨਾਂ ਦੇ ਚਲਣ ਤੇ ਪ੍ਰਸਤੁਤੀਕਰਨ ਸੰਬੰਧੀ ਵੇਰਵਾ ਦੇਣਾ ਮਹੱਤਵਪੂਰਨ ਹੋਵੇਗਾ ਕਿਉਂਕਿ ਰਾਗ ਦੀ ਭਾਰਤੀ ਸ਼ਾਸਤਰੀ ਸੰਗੀਤ ਦਾ ਆਧਾਰ ਹੈ ਅਤੇ ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਰਾਗਾਤਮਕ ਅਭਿਵਿਅਕਤੀ ਲਈ ਨਾਦਾਤਮਕ ਅਤੇ ਭਾਵਾਤਮਕ ਦੋ ਰੂਪ ਵਿਸ਼ੇਸ਼ ਮੰਨੇ ਗਏ ਹਨ। ਜੋ ਰਾਗ ਦੁਆਰਾ ਭਾਵਾਂ ਦੀ ਅਭਿਵਿਅਕਤੀ ਦਾ ਸੰਬੰਧ ਹੈ। ਇਸ ਦੀ ਉਤਪਤੀ ਲਈ ਰਾਗ ਦੇ ਚਲਣ ਦੇ ਅਧੀਨ ਕੁਝ ਮਹੱਤਵਪੂਰਨ ਘੱਟਕ ਹੀ ਆਪਣਾ ਰੋਲ ਅਦਾ ਕਰਦੇ ਹਨ। ਜਿਹਨਾਂ ਦੇ ਚਲਦੇ ਹੋਏ ਰਾਗ ਦੇ ਹਰ ਪੱਖ ਤੋਂ ਭਾਵ ਰਸ ਦੀ ਉਤਪਤੀ ਹੁੰਦੀ ਹੈ। ਉਹਨਾਂ ਵਿਚ ਜਿਵੇਂ ਰਾਗ ਦੇ ਨਾਦਾਤਮਕ ਸਰੂਪ ਵਿਚ ਵਿਸ਼ੇਸ਼ ਸਵਰ, ਵਾਦੀ ਸੰਵਾਦੀ, ਲੈਅ, ਸਮਾ, ਕਾਕੂ ਭੇਦ ਸਵਰਾਂ ਦਾ ਸੱਚਾ ਲਗਾਵ ਆਦਿ ਰਾਗ ਵਿਚ ਭਾਵ ਨੂੰ ਉਤਪੰਨ ਕਰਨ ਵਿਚ ਸਹਾਇਕ ਸਿੱਧ ਹੁੰਦੇ ਹਨ। ਰਾਗ ਦੇ ਨਾਦਾਤਮਕ ਰੂਪ ਵਿਚੋਂ ਹੀ ਇਸਦੇ ਭਾਵਾਤਮਕ ਸਰੂਪ ਦੇ ਉਜਾਗਰ ਹੋਣ ਦੇ ਕਾਰਨ ਹੀ ਸਵਰਾਂ ਦੀ ਸ਼ਕਤੀ ਨੂੰ ਪਛਾਣਦਿਆਂ, ਸੰਗੀਤ ਅਤੇ ਸ਼ਾਸਤਰਕਾਰਾਂ ਨੇ ਕਿਸੇ ਰਾਗ ਵਿਚ ਲੱਗਣ ਵਾਲੇ ਇਕ ਇਕ ਸਵਰ ਦਾ ਵਿਸ਼ਲੇਸ਼ਣ ਕਰਕੇ ਉਹਨਾਂ ਨਾਲ ਇਕ ਨਿਸ਼ਚਿਤ ਰਸ ਭਾਵ ਨੂੰ ਸੰਬੰਧਤ ਕਰਨ ਸੰਬੰਧੀ ਸੰਕੇਤ ਦਿੱਤੇ ਹਨ। ਜਿਵੇਂ ਕਿ ਰਾਗ ਨਾਲ ਜੁੜੇ ਰਸ ਭਾਵ ਦਾ ਇਥੇ ਉਲੇਖ ਕੀਤਾ ਜਾ ਰਿਹਾ ਹੈ। ਇਸ ਲਈ ਇਸ ਤੱਥ ਦੀ ਪ੍ਰੋੜਤਾ ਲਈ ਪਰੰਪਰਾਗਤ ਰੂਪ ਵਿਚ ਰਾਗ ਦੀ ਪਰਿਭਾਸ਼ਾ ਨੂੰ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ।

ਇਸ ਪਰਿਭਾਸ਼ਾ ਦੇ ਅਨੁਸਾਰ ਰਾਗ ਨੂੰ ਰੰਜਕਤਾ ਦਾ ਮਾਧਿਅਮ ਮੰਨਿਆ ਗਿਆ ਹੈ। ਇਸ ਲਈ ਉਹ ਨਿਯਮਿਤ ਧਵਨੀ ਵਿਸ਼ੇਸ਼ ਜੋ ਸਵਰ ਅਤੇ ਵਰਣ ਨਾਲ ਯੁਕਤ ਹੈ ਅਤੇ ਜੋ ਸਰਵ ਸਾਧਾਰਨ ਦਾ ਮਨੋਰੰਜਕ ਕਰਦੀ ਹੈ। ਉਸਨੂੰ ਰਾਗ ਕਿਹਾ ਗਿਆ ਹੈ। ਕਹਿਣ ਤੋਂ ਭਾਵ ਹੈ ਕਿ ਰਾਗ ਦਾ ਕੰਮ ਕਿਸੇ ਵਿਸ਼ੇਸ਼ ਭਾਵ ਨੂੰ ਉਤਪੰਨ ਕਰਕੇ ਆਪਣੀ ਵਿਸ਼ੇਸ਼ ਸ਼ਕਤੀ ਨਾਲ ਮਨ ਨੂੰ ਭਾਵਾਂ ਦੇ ਰੰਗ ਵਿਚ ਰੰਗ ਦੇਣਾ ਹੈ। ਇਸ ਪ੍ਰਕਾਰ ਦੀ ਰੰਜਕਤਾ ਦੇ ਕਾਰਨ ਹੀ ਸ਼ਾਸਤਰਕਾਰਾਂ ਨੇ ਸੱਤਾਂ ਸਵਰਾਂ ਦੇ ਰਸ ਇਸ ਪ੍ਰਕਾਰ ਦੱਸੇ ਹਨ।

ਭਾਵਅਰਥ : ਸ ਰੇ ਵੀਰ ਰੋਦਰ ਅਤੇ ਅਦਭੁਤ ਰਸਾਂ ਦੇ ਪੋਸਕ ਰਸ
ਧ ਵਿਭਤਸ ਅਤੇ ਭਿਆਨਕ ਰਸਾ ਦੇ ਪੋਸ਼ਕ ਹਨ
ਗਨੀ ਕਰੁਣ ਰਸ ਦੇ ਪੋਸ਼ਕ ਹਨ
ਮ ਪ, ਹਾਸਯ ਅਤੇ ਸ਼ਿੰਗਾਰ ਰਸ ਦੇ ਪੋਸ਼ਕ ਹਨ।17

ਉਪਰੋਕਤ ਕਥਨ ਵਿਚ ਭਾਵੇਂ ਰੰਗ ਦੇ ਇਕ ਸਵਰਾਂ ਦਾ ਸੰਬੰਧ ਰਸ ਨਾਲ ਜੋੜਿਆ ਗਿਆ ਪਰੰਤੂ ਵਿਹਾਰਕ ਰੂਪ ਵਿਚ ਕਿਸੇ ਵੀ ਇਕ ਸਵਰ ਤੋਂ ਕਿਸੇ ਵਿਸ਼ੇਸ਼ ਰਸ ਦੀ ਉਤਪਤੀ ਨਹੀਂ ਹੁੰਦੀ ਹੈ। ਇਸ ਲਈ ਇਹ ਤੱਥ ਵੀ ਆਪਣੀ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਕਿ ਜਿੰਨਾਂ ਵੀ ਸਵਰਾਂ ਦਾ ਖਾਸ ਭਾਵ ਨਾਲ ਸੰਬੰਧ ਜੋੜਿਆ ਗਿਆ ਹੈ। ਇਹ ਸਵਰ ਕਿਸੇ ਨਾ ਕਿਸੇ ਰਾਗ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹੀ ਹਨ ਕਿਉਂਕਿ ਇਹ ਵਾਦੀ ਸੰਵਾਦੀ ਦੇ ਆਧਾਰ ਤੇ ਵਿਭਿੰਨ ਸਵਰ ਸੰਗਤੀਆਂ ਨਾਲ ਮਿਲ ਕੇ ਵਿਸ਼ੇਸ਼ ਭਾਵ ਨੂੰ ਅਭਿਵਿਅਕਤ ਕਰਦੇ ਹਨ। ਭਾਰਤੀ ਸੰਗੀਤ ਵਿਚ ਸੜਜ ਮਾਧਿਅਮ ਅਤੇ ਸੜਜ ਪੰਚਮ ਇਕ ਇਹੋ ਜਿਹਾ ਸੰਵਾਦ ਹੈ, ਜਿਸ ਦੇ ਆਧਾਰ ਤੇ ਰਾਗ ਦੀ ਨਾਦਾਤਮਕ ਅਭਿਵਿਅਕਤੀ ਨਿਰਭਰ ਕਰਦੀ ਹੈ। ਇਸ ਸੰਬੰਧ ਵਿਚ ਰਾਗ ਦੀ ਪੇਸ਼ਕਾਰੀ ਵੇਲੇ ਉਪਰੋਕਤ ਸਵਰ ਹੀ ਵਿਸ਼ੇਸ਼ ਰੂਪ ਵਿਚ ਜਦੋਂ ਬਾਰ ਬਾਰ ਪ੍ਰਯੋਗ ਹੋ ਕੇ ਉਭਰਦੇ ਹਨ ਤਾਂ ਕਥਿਤ ਰਸ ਭਾਵ ਪੈਦਾ ਹੁੰਦਾ ਹੀ ਹੈ। ਅਜਿਹੇ ਰਸ ਭਾਵ ਦੀ ਉਤਪਤੀ ਦੇ ਕਾਰਨ ਹੀ ਇਹਨਾਂ ਸਵਰਾਂ ਦੀ ਵਰਗ ਵੰਡ ਦੇ ਆਧਾਰ ਤੇ ਹੀ ਰਾਗਾਂ ਨੂੰ ਸਮੇਂ ਦੇ ਚੱਕਰ ਅਧੀਨ ਬੰਨਿਆ ਗਿਆ ਜਿਸ ਦੇ ਲਈ ਰਾਗਾਂ ਦੇ ਤਿੰਨ ਖਾਸ ਵਰਗ ਨਿਸ਼ਚਿਤ ਕੀਤੇ ਗਏ ਹਨ।

ਰੇ ਧੁ ਕੇਮਲ ਵਾਲੇ - ਸੰਧੀਪ੍ਰਕਾਸ਼ ਰਾਗ - ਸ਼ਾਂਤ ਅਤੇ ਕਰੁਣ ਰਸ
ਰੇ ਧ ਤੀਵਰ ਵਾਲੇ ਰਾਗ - ਸ਼ਿੰਗਾਰ ਰਸ
ਗੁ ਨੀ ਕੋਮਲ ਵਾਲੇ -ਵੀਰ ਰਸ।18

ਉਪਰੋਕਤ ਸਵਰਾਂ ਦੀ ਵਿਸ਼ੇਸ਼ਤਾ ਨੂੰ ਅੰਕਿਤ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਰਾਗ ਵਿਚ ਲੱਗਣ ਵਾਲੇ ਸਵਰਾਂ ਦਾ ਪ੍ਰਯੋਗ ਵਿਸ਼ੇਸ਼ ਮਾਨਸਿਕ ਅਨੁਭੂਤੀ ਦਾ ਵਿਸ਼ਾ ਹੈ ਅਤੇ ਜਿੱਥੋਂ ਤਕ ਮਨੁੱਖ ਦੀ ਮਾਨਸਿਕਤਾ ਦਾ ਸੰਬੰਧ ਹੈ।

ਇਹ ਕਈ ਤਰ੍ਹਾਂ ਨਾਲ ਪ੍ਰਭਾਵਿਤ ਹੁੰਦੀ ਹੈ। ਜਿਸ ਵਿਚ ਸਮਾਂ, ਰੁੱਤਾਂ, ਸਵਰਾਂ ਦਾ ਉਚਾਰਨ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਪ੍ਰਕਾਰ ਦੀ ਮਾਨਸਿਕਤਾ ਦੀ ਅਭਿਵਿਅਕਤੀ ਲਈ ਇਸ ਰਾਗ ਦੇ ਨਾਦਾਤਮਕ ਸਰੂਪ ਵਿਚੋਂ ਪੈਦਾ ਹੋਣ ਵਾਲੇ ਭਾਵਾਤਮਕ ਰੂਪ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ। ਇਸ ਸੰਬੰਧੀ ਜੋ ਧਿਆਨ ਚਿਤਰ ਗ੍ਰੰਥਾਂ ਵਿਚੋਂ ਉਪਲਬਧ ਹੁੰਦੇ ਹਨ। ਹੱਥਲੇ ਅਧਿਐਨ ਵਿਚ ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ 31 ਰਾਗਾਂ ਦੀ ਭਾਵ ਜੁਗਤ ਦੀ ਵਿਸ਼ੇਸ਼ਤਾ ਨੂੰ ਉਭਾਰਨ ਦਾ ਯਤਨ ਕੀਤਾ ਗਿਆ। ਜਿਸ ਦੀਆਂ ਜੜ੍ਹਾਂ ਭਾਰਤੀ ਸ਼ਾਸਤਰੀ ਸੰਗੀਤ ਦੇ ਨਾਲ ਹੀ ਜੁੜੀਆਂ ਹਨ ਅਤੇ ਕੁਝ ਮੌਲਿਕ ਵੀ ਹਨ। ਫਿਰ ਵੀ ਰਾਗ ਦੇ ਪ੍ਰਯੋਗ ਲਈ ਬਾਣੀ ਦੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦਿਆਂ ਹੋਇਆਂ, ਰਾਗ ਦੀ ਭਾਵਾਤਮਕ ਅਭਿਵਿਅਕਤੀ ਨੂੰ ਸ਼ਾਸਤਰੀ ਸੰਗੀਤ ਦੇ ਗ੍ਰੰਥਾਂ ਵਿਚ ਉਲੇਖ ਕੀਤੇ ਗਏ ਧਿਆਨ ਚਿਤਰਾਂ ਨੂੰ ਵਾਚਿਆ ਜਾ ਸਕਦਾ ਹੈ।

ਉਪਰੋਕਤ ਰਾਗ ਦੇ ਧਿਆਨਾਂ ਦਾ ਵਰਣਨ ਕਰਨ ਦਾ ਮੰਤਵ ਰਾਗਾਂ ਤੋਂ ਉਤਪੰਨ ਹੋਣ ਵਾਲੇ ਪ੍ਰਭਾਵ ਨੂੰ ਅੰਕਿਤ ਕਰਨਾ ਹੈ। ਕਿਉਂਕਿ ਇਹ ਰਾਗਾਂ ਸਵਰਾਂ ਤੇ ਸ਼ਰੁਤੀਆਂ ਦੀ ਅਜਿਹੀ ਨਿਯਮਬੱਧ ਖੇਡ ਹੈ। ਜਿਸ ਤੋਂ ਰਸ ਉਤਪੰਨ ਹੁੰਦਾ ਹੈ। ਇਸ ਲਈ ਇਸਦੇ ਨਾਦਮਈ ਰੂਪ ਵਿਚੋਂ ਭਾਵਮਈ ਸਰੂਪ ਨੂੰ ਉਜਾਗਰ ਕਰਨਾ ਹੀ ਰਾਗ ਦੀ ਪੇਸ਼ਕਾਰੀ ਦਾ ਮੁੱਖ ਉਦੇਸ਼ ਹੈ। ਇਯ ਕਾਰਨ ਹੀ ਇਹ ਗਾਇਕ ਖੇਡ ਹੈ। ਜਿਸ ਤੋਂ ਰਸ ਉਤਪੰਨ ਹੁੰਦਾ ਹੈ। ਇਸ ਲਈ ਇਸਦੇ ਨਾਦਮਈ ਰੂਪ ਵਿਚੋਂ ਭਾਪਮਈ ਸਰੂਪ ਨੂੰ ਉਜਾਗਰ ਕਰਨਾ ਹੀ ਰਾਗ ਦੀ ਪੇਸ਼ਕਾਰੀ ਦਾ ਮੁੱਖ ਉਦੇਸ਼ ਹੈ। ਇਸ ਕਾਰਨ ਹੀ ਇਹ ਗਾਇਕ ਅਤੇ ਵਾਦਕ ਲਈ ਰਾਗ ਨੂੰ ਪੇਸ਼ ਕਰਨ ਵੇਲੇ ਆਵਸ਼ਕ ਹੈ ਕਿ ਰਾਗ ਦੇ ਸੁਰਾਤਮਕ ਸਰੂਪ ਤੋਂ ਇਲਾਵਾ ਉਸਦੇ ਭਾਵਮਈ ਸਰੂਪ ਨੂੰ ਸੁਰਾਂ, ਸ਼ਬਦਾਂ, ਬਿੰਬਾਂ ਅਤੇ ਕਲਪਨਾਤਮਕ ਬਿੰਦੂਆਂ ਨੂੰ ਆਪਣੇ ਜ਼ਿਹਨ ਵਿਚ ਸਾਕਾਰ ਕਰੇ। ਤਾਂ ਜੋ ਮਨ ਇੱਛਤ ਫਲ ਦੀ ਪ੍ਰਾਪਤੀ ਹੋ ਜਾਵੇ। ਭਾਰਤੀ ਪਰੰਪਰਾ ਨਾਲੋਂ ਰਾਗ ਦਾ ਪ੍ਰਯੋਗ ਬਾਣੀ ਲਈ ਭਾਵੇਂ ਵੱਖਰਾ ਹੈ ਫੇਰ ਵੀ ਇਸ ਤੋਂ ਪੈਦਾ ਹੋਣ ਵਾਲੇ ਰਸ ਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜੋ ਰਾਗ ਦੀ ਇਕ ਆਪਣੀ ਨਿਧੀ ਹੈ। ਰਾਗ ਦੀ ਅਜਿਹੀ ਵਿਸ਼ੇਸ਼ਤਾ ਦੇ ਕਾਰਨ ਹੀ ਇਸਨੂੰ ਅਧਿਆਤਮਕ ਪ੍ਰਯੋਜਨ ਦੀ ਸਿੱਧੀ ਲਈ ਨਵੇਂ ਅਰਥਾਂ ਅਤੇ ਵਿਲੱਖਣ ਸੰਭਾਵਨਾਵਾਂ ਦੇ ਤਹਿਤ ਇਸਤੇਮਾਲ ਕੀਤਾ ਗਿਆ ਹੈ। ਜਿਸ ਨੂੰ ਬਾਣੀ ਦੀਆਂ ਤੁਕਾਂ ਰਾਹੀਂ ਅੰਕਿਤ ਕੀਤਾ ਗਿਆ ਹੈ। ਇਥੇ ਇਕ ਤੱਥ ਹੋਰ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਰਾਗਾਂ ਦੇ ਧਿਆਨਾਂ ਵਿਚ ਰਾਗ ਨੂੰ ਰਾਗਣੀ ਕਹਿ ਕੇ ਵੀ ਭਾਵਨਾਤਮਕ ਅਭਿਵਿਅਕਤੀ ਕੀਤੀ ਗਈ ਹੈ। ਪਰੰਤੂ ਬਾਣੀ ਅਧੀਨ ਰਾਗਾਂ ਦਾ ਪ੍ਰਯੋਗ ਕਿਸੇ ਸੰਗੀਤ ਲਕਸ਼ ਦੀ ਪ੍ਰਾਪਤੀ ਕਰਨਾ ਨਹੀਂ ਬਲਕਿ ਸ਼ਬਦ ਦੇ ਅੰਤਰੀਵ ਭਾਵਾਂ ਨੂੰ ਰਾਗ ਦੇ ਅੰਤਰੀਵ ਭਾਵ ਨਾਲ ਜੋੜ ਕੇ ਤਿੱਖਾ ਤੇ ਸਪੱਸ਼ਟ ਰੂਪ ਵਿਚ ਪੇਸ਼ ਕਰਨਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਬਾਣੀ ਦੇ ਭਾਵ ਸੰਚਾਰ ਦੇ ਲਈ ਇਹਨਾਂ ਰਾਗਾਂ ਦੇ ਪ੍ਰਯੋਗ ਦਾ ਪ੍ਰਯੋਜਨ ਵਿਸ਼ੇਸ਼ ਹੈ। ਇਸ ਲਈ ਪਰੰਪਰਾਗਤ ਰੂਪ ਵਿਚ ਹੀ ਕੀਰਤਨ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ਨਾ ਕਿ ਕੇਵਲ ਸੁਗਮ ਸੰਗੀਤ ਦੀਆਂ ਧੁਨਾਂ ਰਾਹੀਂ ਸ਼ਬਦ ਨੂੰ ਸਿੱਧੇ ਪੱਧਰੇ ਰੂਪ ਵਿਚ ਪ੍ਰਸਤੁਤ ਕਰਨਾ। ਇਸ ਪ੍ਰਕਾਰ ਬਾਣੀ ਦੇ ਸੰਗੀਤ ਵਿਧਾਨ ਦਾ ਅਧਿਅਨ ਨਿਸ਼ਚਿਤ ਕਰਦਾ ਹੈ ਕਿ ਬਾਣੀ ਦੇ ਸੰਚਾਰ ਲਈ ਰਾਗ ਦਾ ਗਿਆਨ ਵੀ ਪ੍ਰੋੜ ਹੋਣਾ ਚਾਹੀਦਾ ਹੈ। ਤਾਂ ਜੋ ਸ਼ਬਦ ਦੇ ਅੰਦਰ ਨਿਹਿਤ ਭਾਵਾਂ ਨੂੰ ਰਾਗ ਦੇ ਸੰਯੋਗ ਨਾਲ ਪਰਤ ਦਰ ਪਰਤ ਖੋਲ੍ਹਿਆ ਜਾਵੇ।

ਅੰਤ ਵਿਚ ਰਾਗਾਂ ਦੇ ਵਿਭਿੱਨ ਭਾਵਾਂ ਨੂੰ ਅੰਕਿਤ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਸੰਗੀਤ ਵਿਚ ਵਿਭਿੰਨ ਭਾਵਾਂ ਦੇ ਲਈ ਵੱਖੋ ਵੱਖਰੇ ਰਾਗਾਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹੀ ਬਾਣੀ ਦੇ ਅੰਤਰਗਤ ਵੀ ਭਾਵ ਸੰਚਾਰ ਲਈ ਵਿਭਿੰਨ ਰਾਗਾਂ ਦੀ ਭਾਵ ਜੁਗਤ ਦ੍ਰਿਸ਼ਟੀਗੋਚਰ ਹੁੰਦੀ ਹੈ। ਜੋ ਬਾਣੀ ਦੇ ਰਾਗ ਦੇ ਭਾਵਾਂ ਦੀ ਅਨੁਸਾਰੀ ਹੈ। ਬਾਣੀ ਦੇ ਭਾਵ ਸੰਚਾਰ ਅਧੀਨ ਨਿਰਧਾਰਿਤ ਰਾਗਾਂ ਦੇ ਅੰਤਰਗਤ ਹੀ ਕਿਸੇ ਇਕ ਰਾਗ ਦੀ ਬਾਣੀ ਨੂੰ ਜਦੋਂ ਦੂਜੇ ਰਾਗ ਦੀ ਰਚਨਾ ਵਿਚ ਗਾਇਆ ਜਾਂਦਾ ਹੈ ਤਾਂ ਸਤਹੀ ਪੱਧਰ ਦੀ ਪੇਸ਼ਕਾਰੀ ਤਾਂ ਹੋ ਜਾਂਦੀ ਹੈ। ਪਰੰਤੂ ਸ਼ਬਦ ਤੇ ਰਾਗ ਦਾ ਅਸਲ ਮਨੋਰਥ ਉਭਰ ਕੇ ਸਾਹਮਣੇ ਨਹੀਂ ਆਉਂਦਾ।

## ਹਵਾਲੇ ਅਤੇ ਟਿੱਪਣੀਆਂ

1. ਡਾ. ਜਾਗੀਰ ਸਿੰਘ, ਕਾਵਿ ਅਤੇ ਸੰਗੀਤ ਗੁਰਬਾਣੀ ਪਰਿਪੇਖ, ਪੰਜਾਬੀ ਪਬਲੀਕੇਸ਼ਨ, ਪਟਿਆਲਾ 2004, ਪੰਨਾ 55, 2. ਪੰਡਿਤ ਦਮੋਦਰ, ਸੰਗੀਤ ਦਰਪਣ, ਪੰਨਾ 110, ਸੰਗੀਤ ਕਾਰਯਾਲਅ ਹਾਥਰਸ, ਉੱਤਰ ਪ੍ਰਦੇਸ਼, 1975, 3. ਉਹੀ, ਪੰਨਾ 123, 4. ਉਹੀ, ਪੰਨਾ 116, 5. ਉਹੀ, ਪੰਨਾ 114, 6. ਉਹੀ, ਪੰਨਾ 67, 7. ਅਹੋਬਲ ਪੰਡਿਤ, ਸੰਗੀਤ ਪਾਰਿਜਾਤ, ਪੰਨਾ (124), ਸੰਗੀਤ ਕਾਰਯਾਲਆ, ਹਾਥਰਸ ਉ. ਪ੍ਰਤੇਸ਼, 1971, 8. ਪੰਡਿਤ ਦਮੋਦਰ, ਸੰਗੀਤ, ਦਰਪਣ, ਪੰਨਾ (111), ਸੰਗੀਤ ਕਾਰਯਾਲਆ ਹਾਥਰਸ, ਉ. ਪ੍ਰਦੇਸ਼, 1975, 9. ਉਹੀ, ਪੰਨਾ 65, 10.ਉਹੀ, ਪੰਨਾ 101, 11. ਉਹੀ, ਪੰਨਾ 106, 12. ਉਹੀ, ਪੰਨਾ 107, 13. ਉਹੀ ਪੰਨਾ 116, 14. ਅਹੋਬਲ ਪੰਡਿਤ, ਸੰਗੀਤ ਪਾਰਿਜਾਤ, ਪੰਨਾ (149), ਸੰਗੀਤ ਕਾਰਯਾਲਆ, ਹਾਥਰਸ ਉ. ਪ੍ਰਦੇਸ਼, 1971, 15. ਲਕਸ਼ਮੀ ਨਾਰਾਇਦ ਗਰਗ, ਨਿਬੰਧ ਸੰਗੀਤ, ਪੰਨਾ 380, ਸੰਗੀਤ ਕਾਰਯਾਲਆ, ਹਾਥਰਸ। 16. ਪੰਡਿਤ ਦਮੋਦਰ, ਸੰਗੀਤ ਦਰਪਣ, ਪੰਨਾ 77, ਸੰਗੀਤ ਕਾਰਯਾਲਅ ਹਾਥਰਸ, 17.ਲਕਸ਼ਮੀ ਨਾਰਾਇਣ ਗਰਗ, ਸੰਗੀਤ ਵਿਸਾਰਦ, ਪੰਨਾ 192, ਸੰਗੀਤ ਕਾਰਯਾਲਅ ਹਾਥਰਸ, 1981, 18. ਉਹੀ।

ਖੋਜਾਰਥੀ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਸਰਿਟੀ, ਅੰਮ੍ਰਿਤਸਰ

## SHDF SCHOLARSHIPS FOR PROFESSIONAL COLLEGE COURSES-2011-12

ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ,ਯੂ. ਐੱਸ. ਏ. (SHDF) ਦੀ ਖਾਤਿਰ, ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:), ਨਵੀਂ ਦਿੱਲੀ, ਮਾਨਤਾ ਪ੍ਰਾਪਤ ਕਾਲਜਾਂ/ਯੂਨੀਵਰਸਿਟੀਆਂ ਵਿਚ, ਪੇਸ਼ਾਵਰ ਡਿਗਰੀ ਅਤੇ ਡਿਪਲੋਮਾ (Professonal degree & Diploma) ਕੋਰਸ (like, Engg...IT, Medical, Nursing, Home Science, Architecture, Agriculture, Business Management, B.Ed, Journalism, C.A etc.) ਕਰ ਰਹੇ ਵਿਦਿਆਰਥੀਆਂ ਤੋਂ ਅਰਜ਼ੀਆਂ ਦੀ ਮੰਗ ਕਰਦੀ ਹੈ।

ਯੋਗਤਾ : (1) ਪਿਛਲੇ ਇਮਤਿਹਾਨ ਵਿਚ ਘਟ ਤੋਂ ਘੱਟ 60% ਨੰਬਰ ਤੇ (2) ਪਰਿਵਾਰ ਦੀ ਆਮਦਨ 12500/- ਰੁਪਏ ਮਹੀਨੇ (ਸਾਲਾਨਾ ਰੁ: 150000/- ਤੋਂ ਵੱਧ ਨਹੀਂ।)

ਅਰਜ਼ੀ ਦਾ ਫਾਰਮ ਅਤੇ ਹੋਰ ਜ਼ਰੂਰੀ ਜਾਣਕਾਰੀ ਨਿਸ਼ਕਾਮ ਦੇ ਵੈੱਬਸਾਈਟ www.nishkam.org ਤੇ ਹੈ।

ਫਾਰਮ ਪੂਰੀ ਤਰ੍ਹਾਂ ਭਰ ਕੇ, ਪ੍ਰਮਾਣ ਪੱਤਰਾਂ ਦੀਆਂ ਕਾਪੀਆਂ (ਪਰਿਵਾਰ ਦੀ ਆਮਦਨੀ ਦਾ ਪ੍ਰਮਾਣ ਪੱਤਰ, ਟਿਊਸ਼ਨ ਫੀਸ ਅਤੇ ਹੋਰ ਜ਼ਰੂਰੀ ਖਰਚਿਆਂ ਦਾ ਵੇਰਵਾ ਅਤੇ ਰਸੀਦਾਂ) ਆਦਿ ਨਾਲ 30 ਅਪਰੈਲ, 2011 ਤਕ ਨਿਸ਼ਕਾਮ ਆਫਿਸ ਨਿਸ਼ਕਾਮ ਭਵਨ, ਬੀ ਬਲਾਕ, ਤਿਲਕ ਨਗਰ, ਨਵੀਂ ਦਿੱਲੀ-110018 (ਫੋਨ : 28333377/4477/5577/6677 ਤੇ ਪਹੁੰਚਣੇ ਜ਼ਰੂਰੀ ਹਨ। ਯੋਗ ਵਿਦਿਆਰਥੀਆਂ ਦਾ ਪੰਜਾਬੀ ਤੇ ਧਾਰਮਿਕ ਦਾ ਸਕਰੀਨਿੰਗ ਟੈਸਟ 18 ਜੂਨ, 2011 ਨੂੰ ਨਵੀਂ ਨਵੀਂ, ਚੰਡੀਗੜ੍ਹ, ਲੁਧਿਆਣਾ, ਫਰੀਦਕੋਟ ਅਤੇ ਅੰਮ੍ਰਿਤਸਰ ਵਿਖੇ ਹੋਵੇਗਾ ਅਤੇ ਇਸ ਤੋਂ ਬਾਅਦ ਇੰਟਰਵਿਊ ਹੋਵੇਗਾ ਜਿਸ ਦੀ ਸੂਚਨਾ ਬਾਅਦ ਵਿਚ ਦਿੱਤੀ ਜਾਵੇਗੀ। (ਨੋਟ : ਬਾਰ੍ਹਵੀਂ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਵੀ ਅਰਜ਼ੀ ਦੇ ਸਕਦੇ ਹਨ, ਪਰ ਵਜ਼ੀਫਾ ਪੇਸ਼ਾਵਰ ਕੋਰਸ ਵਿਚ ਦਾਖਲਾ ਮਿਲਣ ਤੇ ਹੀ ਮਿਲੇਗਾ)

ਹਰ ਵਿਦਿਆਰਥੀ ਲਈ ਇਕ ਈਮੇਲ ਐਡਰੈੱਸ ਹੋਣਾ ਜ਼ਰੂਰੀ ਹੈ। ਕਿਉਂਕਿ ਵਿਦਿਆਰਥੀ ਨਾਲ ਸੰਬੰਧ ਈਮੇਲ ਤੇ ਹੀ ਰੱਖਿਆ ਜਾਵੇਗਾ। ਵਧੇਰੇ ਜਾਣਕਾਰੀ ਲਈ ਈਮੇਲ ਕਰੋ : nishkamsewa1984@gmail.com

## *Beautiful Thoughts*

* Waves are Inspiring, not because they rise & fall. But because each time they fall, they neve fail to rise again.
* Heart is not a dustbin to dump all the worries of your life! It is a golden pot for collection of sweet moments of your life.
* An airplane is always safe at Ground but its not made for that. So always take some meaningful risks in life to achieve great pleasure.
* Make your anger so expensive that no one can afford it...& make your happiness so cheap that people get it free from you.
* Eyes are not meant for tears & heart is not meant for fear, Never get upset, always cheer as you are the one who can make people smile for years.

*With best compliments from a wellwisher*

# Music: An Intrinsic Talent

## Narendra Kaur

Talent is a natural ability to do something well. Talent indicates capacities for above the average in a special field of human activity. Talent is especially evident in the realm of music like prodigy. The art of music is a very distinctive virtue in man. Each and everyone cannot be capable of learning music even if one wants to. Music is a God gift. Though the perfection can only be achieved by practising but natural instinct and talent is must. Not only music but all the arts are learned by the grace of God only. Aptitude is natural ability or skill of a person to learn musical techniques. It should be remembered that music is an art, which contains within it a universal appeal and an inner urge for expansion.

The ability to recognize music is quite distinct from simple pitch discrimination. It requires a mechanism which can abstract the relational properties existing in tonal combinations. Some people have a surprising inability to do this. Studies show that a person having finest ability to discriminate pitch could not recognize a simple melody.

The capacity to respond and enjoy music appears to be innate. It is our brain which offers us pleasant sensations to concentrate on sounds and to improve our ability to hear and to vocalize. For a child, when pleasant sounds and strong movements are the stimuli, many senses are alerted. The ear becomes keenly attuned; the sense of touch is activated; and the pleasant sounds and strong movements are transferred to each muscle and nerve in the child's body. The result is a deep emotional experience

